# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 107 | Monday, June 08, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial / Care Wealth Management Inc. RDSP (Registered Disability Savings Plan). Disabled person who is eligible for Disability Tax Credit. And who is 49 years old or younger. By contributing in an RDSP Plan he/she may be eligible to receive up to $90,000 in government bonds & grants. Contact: 647-951-7900. SUKHWINDER NAHAL CFP, CLU, Financial Planner. www.fairadvicefinancial.com. 7900 Hurontario St., Suite 308, Brampton, ON, L6Y 0P6

JOSHI LAW OFFICE. Barrister, Solicitor & Notary Public. Immigration, Real Estate, Commercial Law, Affidavit, Power of Attorney. Rakesh M. Joshi B.A., LL.B. info@joshilawoffice.com | joshilawoffice.com. 416-213-8600. 6921 Steels Ave. W. Unit 11, Etobicoke, ON


# ਫ਼ੌਜ ਵਿਚ ਆ ਕੇ ਪਤਾ ਲੱਗਿਆ ਨਸਲਵਾਦ ਕਿੰਨਾ ਖਤਰਨਾਕ ਹੋ ਸਕਦੈ : ਸੱਜਣ ਸਿੰਘ



ਟੋਰਾਂਟੋ, 7 ਜੂਨ (ਪੋਸਟ ਬਿਊਰੋ) : ਇੱਕ ਸਮਾਂ ਸੀ ਜਦੋਂ ਰੱਖਿਆ ਮੰਤਰੀ ਹਰਜੀਤ ਸੱਜਣ ਨੂੰ ਉਨ੍ਹਾਂ ਦੇ ਅੱਜ ਵਾਲੇ ਮੁਕਾਮ ਉੱਤੇ ਪਹੁੰਚਣਾ ਅਸੰਭਵ ਲੱਗਦਾ ਸੀ।

ਭਾਰਤ ਤੋਂ ਆਏ ਪਰਵਾਸੀ ਦੇ ਹੱਥ ਕੈਨੇਡੀਅਨ ਸੈਨਾਵਾਂ ਦੀ ਕਮਾਨ? ਉਨ੍ਹਾਂ ਨੂੰ ਨਹੀਂ ਲੱਗਿਆ ਸੀ ਕਿ ਕਦੇ ਉਨ੍ਹਾਂ ਨੂੰ ਕੈਨੇਡੀਅਨ ਸੈਨਾਵਾਂ ਵਿੱਚ ਸ਼ਾਮਲ ਵੀ ਕੀਤਾ ਜਾਵੇਗਾ। ਘੱਟੋ ਘੱਟ ਉਦੋਂ ਤੱਕ ਤਾਂ ਨਹੀਂ ਜਦੋਂ ਤੱਕ ਉਹ ਪੱਗ ਬੰਨ੍ਹਦੇ ਰਹਿਣਗੇ। ਜਦੋਂ ਉਨ੍ਹਾਂ ਦੇ ਸਕੂਲ ਦੇ ਰਕਰੂਟਰ ਵੱਲੋਂ ਇਹ ਦੱਸਿਆ ਗਿਆ ਕਿ ਪੱਗ ਬੰਨ੍ਹਣ ਨਾਲ ਫੌਜ ਵਿੱਚ ਜਾਣ ਦੇ ਉਨ੍ਹਾਂ ਦੇ ਸੁਪਨੇ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਸਿਰਫ ਉਦੋਂ ਤੋਂ ਹੀ ਉਨ੍ਹਾਂ ਫੌਜ ਵਿੱਚ ਸ਼ਾਮਲ ਹੋਣ ਦੇ ਬਦਲ ਉੱਤੇ ਗੰਭੀਰਤਾ ਨਾਲ ਵਿਚਾਰ ਕਰਨਾ ਸ਼ੁਰੂ ਕੀਤਾ।

ਇਹ ਅਜਿਹੀ ਕਹਾਣੀ ਹੈ ਜਿਸ ਬਾਰੇ ਕੈਨੇਡੀਅਨ ਇਹ ਫੜ੍ਹ ਮਾਰ ਸਕਦੇ ਹਨ ਕਿ ਸਾਡੇ ਦੇਸ਼ ਵਿੱਚ ਹਰ ਰੰਗ ਨਸਲ ਦੇ ਲੋਕਾਂ ਦਾ ਸਵਾਗਤ ਹੁੰਦਾ ਹੈ। ਇਹ ਤਾਂ ਚੰਗੇ ਅੰਤ ਵਾਲੀ ਕਹਾਣੀ ਹੈ ਕਿਉਂਕਿ ਸੱਜਣ ਫੌਜ ਵਿੱਚ ਕਈ ਰੈਂਕਸ ਪਾਰ ਕਰਦੇ ਹੋਏ ਲੈਫਟੀਨੈਂਟ ਕਰਨਲ ਦੇ ਅਹੁਦੇ ਤੱਕ ਪਹੁੰਚੇ। ਸਿਆਸਤ ਵਿੱਚ ਦਾਖਲ ਹੋਣ ਤੋਂ ਪਹਿਲਾਂ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਕਈ ਤਮਗਿਆਂ ਤੇ ਐਵਾਰਡਜ਼ ਨਾਲ ਸਨਮਾਨਿਤ ਕੀਤਾ ਗਿਆ।

ਕੀ ਹੋਵੇ ਜੇ ਇਹ ਪੂਰਾ ਸੱਚ ਨਾ ਹੋਵੇ। ਇਸ ਵਿੱਚ ਉਹ ਹਿੱਸਾ ਤਾਂ ਸ਼ਾਮਲ ਹੀ ਨਹੀਂ ਜਦੋਂ ਸੱਜਣ ਨੂੰ ਫੌਜ ਲਈ ਅਪਲਾਈ ਕਰਨ ਤੋਂ ਬਾਅਦ ਪਹਿਲੀ ਯੂਨਿਟ ਵੱਲੋਂ ਹੀ ਨਕਾਰ ਦਿੱਤਾ ਗਿਆ ਸੀ। ਸੱਜਣ ਨੂੰ ਫੌਜ ਵਿੱਚ ਆਪਣੇ ਪਹਿਲੇ ਕੁੱਝ ਸਾਲਾਂ ਵਿੱਚ ਨਸਲਵਾਦ ਦਾ ਸ਼ਿਕਾਰ ਹੋਣਾ ਪਿਆ ਸੀ ਜਦਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਇੱਥੇ ਅਜਿਹਾ ਨਹੀਂ ਹੁੰਦਾ ਹੋਵੇਗਾ। ਕੈਨੇਡਾ ਵਿੱਚ ਨਸਲਵਾਦ ਬਾਰੇ ਦਿੱਤੇ ਇੰਟਰਵਿਊ ਵਿੱਚ ਸੱਜਣ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਇਹ ਸਾਰਾ ਕੁੱਝ ਦੱਸਿਆ। ਉਨ੍ਹਾਂ ਆਖਿਆ ਕਿ ਫੌਜ ਵਿੱਚ ਆਉਣ ਤੋਂ ਬਾਅਦ ਹੀ ਉਨ੍ਹਾਂ ਨੂੰ ਇਹ ਅਹਿਸਾਸ ਹੋਇਆ ਕਿ ਨਸਲਵਾਦ ਕਿੰਨਾਂ ਖਤਰਨਾਕ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਇੱਕ ਵਿਅਕਤੀ ਨੇ ਉਨ੍ਹਾਂ ਨੂੰ ਕਿਹਾ "ਮੈਂ ਤੈਨੂੰ ਆਪਣੀ ਫੌਜ ਵਿੱਚ ਸ਼ਾਮਲ ਹੋਣ ਦਿੱਤਾ।" ਇਹ ਗੱਲ ਉਨ੍ਹਾਂ ਨੂੰ ਬੇਚੈਨ ਕਰ ਗਈ।

ਸੱਜਣ ਨੇ ਆਖਿਆ ਕਿ ਉਨ੍ਹਾਂ ਖੁਦ ਵਿੱਚ ਯਕੀਨ ਰੱਖਿਆ ਤੇ ਅਜਿਹੇ ਬੋਲ ਮਾਰਨ ਵਾਲੇ ਨੂੰ ਗਲਤ ਸਿੱਧ ਕਰਨ ਦੀ ਸਹੁੰ ਖਾਧੀ। ਇਸ ਤੋਂ ਬਾਅਦ ਆਪਣੇ ਸੁਪਨਿਆਂ, ਮਾਨਤਾਵਾਂ ਤੇ ਆਪਣੀ ਪੱਗ ਨੂੰ ਤਿਆਗੇ ਬਿਨਾਂ ਸੱਜਣ ਪਹਿਲੇ ਸਿੱਖ ਵਿਅਕਤੀ ਬਣੇ ਜਿਨ੍ਹਾਂ ਫੌਜ ਦੀ ਰਿਜ਼ਰਵ ਰੈਜੀਮੈਂਟ ਦੀ ਕਮਾਨ ਸਾਂਭੀ। ਫੌਜ ਵਿੱਚ ਨਸਲਵਾਦ ਨਾਲ ਸੱਜਣ ਦਾ ਪਹਿਲੀ ਵਾਰੀ ਵਾਹ ਭਾਵੇਂ ਕਾਫੀ ਸਮੇਂ ਬਾਅਦ ਪਿਆ ਹੋਵੇ ਪਰ ਬਚਪਨ ਤੋਂ ਲੈ ਕੇ ਉਨ੍ਹਾਂ ਨੂੰ ਕਈ ਵਾਰੀ ਨਸਲੀ ਤਾਨ੍ਹੇ ਮਿਹਣੇ ਸੁਣਨੇ ਪਏ। ਉਨ੍ਹਾਂ ਨੂੰ ਇਹ ਅਹਿਸਾਸ ਵੀ ਹੋਇਆ ਕਿ ਵੱਖਰੇ ਰੰਗ ਵਾਲੇ ਕੈਨੇਡੀਅਨਾਂ ਨੂੰ ਬਿਨਾਂ ਕਿਸੇ ਕਸੂਰ ਦੇ ਗੰਭੀਰ ਨੁਕਸਾਨ ਵੀ ਜਰਨਾ ਪੈ ਸਕਦਾ ਹੈ।

...ਬਾਕੀ ਪੰਨਾ 6 'ਤੇ

# ਓਨਟਾਰੀਓ ਵਿੱਚ ਕਰੋਨਾਵਾਇਰਸ ਦੇ 415 ਨਵੇਂ ਮਾਮਲੇ ਆਏ ਸਾਹਮਣੇ

ਓਨਟਾਰੀਓ, 7 ਜੂਨ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਐਤਵਾਰ ਨੂੰ ਨੋਵਲ ਕਰੋਨਾਵਾਇਰਸ ਦੇ 415 ਨਵੇਂ ਮਾਮਲੇ ਦਰਜ ਕੀਤੇ ਗਏ। ਇਨ੍ਹਾਂ ਵਿੱਚੋਂ ਅੱਧੇ ਤਾਂ ਡਾਟਾਬੇਸ ਵਿੱਚ ਨਵੇਂ ਕੇਸ ਜੋੜੇ ਜਾਣ ਵਿੱਚ ਹੋਈ ਦੇਰੀ ਕਾਰਨ ਸਾਹਮਣੇ ਆਏ।

ਸਿਹਤ ਮੰਤਰਾਲੇ ਵੱਲੋਂ ਇਸ ਦੇਰੀ ਦੇ ਕਾਰਨਾਂ ਬਾਰੇ ਕੋਈ ਸਪਸ਼ਟੀਕਰਨ ਨਹੀਂ ਦਿੱਤਾ ਗਿਆ। ਕੱਲ੍ਹ 455 ਕੇਸ ਰਿਪੋਰਟ ਕੀਤੇ ਗਏ, ਪਿਛਲੇ ਸੱਤ ਦਿਨਾਂ ਵਿੱਚ ਚੌਥੀ ਵਾਰੀ ਨਵੇਂ ਮਾਮਲਿਆਂ ਦਾ



ਅੰਕੜਾ 400 ਪਾਰ ਕਰ ਗਿਆ। ਇਸ ਦੌਰਾਨ 19 ਹੋਰਨਾਂ ਲੋਕਾਂ ਦੀ ਮੌਤ ਕੋਵਿਡ-19 ਕਾਰਨ ਹੋਈ ਤੇ ਇਸ ਨਾਲ ਪ੍ਰੋਵਿੰਸ ਭਰ ਵਿੱਚ ਕਰੋਨਾ ਕਾਰਨ ਮਾਰੇ ਜਾਣ ਵਾਲੇ ਲੋਕਾਂ ਦੀ ਗਿਣਤੀ 2426 ਤੱਕ ਅੱਪੜ ਗਈ।

...ਬਾਕੀ ਪੰਨਾ 6 'ਤੇ

# ਓਨਟਾਰੀਓ ਦੇ ਵੁੱਡਬ੍ਰਿਜ ਲਾਂਗ ਟਰਮ ਕੇਅਰ ਹੋਮ ਵਿੱਚ ਵੀ ਫੌਜ ਤਾਇਨਾਤ

ਟੋਰਾਂਟੋ, 7 ਜੂਨ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਤੋਂ ਪ੍ਰਭਾਵਿਤ ਹੋਏ ਵੁੱਡਬ੍ਰਿਜ ਲਾਂਗ ਟਰਮ ਕੇਅਰ ਹੋਮ ਵਿੱਚ ਵੀ ਫੌਜ ਤਾਇਨਾਤ ਕਰ ਦਿੱਤੀ ਗਈ ਹੈ।

ਕੱਲ੍ਹ ਜਾਰੀ ਬਿਆਨ ਵਿੱਚ ਲਾਂਗ ਟਰਮ ਕੇਅਰ ਮੰਤਰਾਲੇ ਨੇ ਆਖਿਆ ਕਿ ਹਾਲਾਤ ਦਾ ਜਾਇਜ਼ਾ ਲਾਉਣ ਲਈ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਨੂੰ ਵੁੱਡਬ੍ਰਿਜ ਵਿਸਟਾ ਕੇਅਰ ਕਮਿਊਨਿਟੀ ਨਾਂ ਦੇ ਲਾਂਗ ਟਰਮ ਕੇਅਰ ਹੋਮ ਵਿੱਚ ਤਾਇਨਾਤ ਕੀਤਾ ਗਿਆ ਹੈ। ਇਹ ਵੀ



ਆਖਿਆ ਗਿਆ ਕਿ ਫੌਜ ਵੱਲੋਂ ਮਿਲ ਰਹੇ ਇਸ ਸਹਿਯੋਗ ਦੇ ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ। ਪ੍ਰੋਵਿੰਸ ਵੱਲੋਂ ਵਿਲੀਅਮ ਓਸਲਰ ਹੈਲਥ ਸਿਸਟਮ ਨੂੰ ਹੋਮ ਦਾ ਅੰਤਰਿਮ ਮੈਨੇਜਰ ਥਾਪੇ ਜਾਣ ਦੇ ਬਾਵਜੂਦ ਵੁੱਡਬ੍ਰਿਜ ਵਿਸਟਾ ਕੇਅਰ ਕਮਿਊਨਿਟੀ ਵਿੱਚ ਕੋਵਿਡ-19 ਦਾ ਪਸਾਰ ਘਟ ਨਹੀਂ ਸਕਿਆ।

...ਬਾਕੀ ਪੰਨਾ 6 'ਤੇ


Best Insurance Rates. Auto, Home, Business. Dir: 647-400-2949. ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ. Discounts upto 35% on Auto & Home. Amanpreet S. Batth. Address: 1550 South Gateway Rd. Suite 220 Mississauga, ON L4W 5G6

NOW HIRING !!! Allkind Insurance. Life Insurance, Critical illness Ins, Travel & Visitor Ins, RESP & TFSA & RRSP, Super Visa Insurance, Mortgage Insurance, Disability Insurance, Funeral Insurance. SIMRAN SAINI 416.994.7272 www.allkindinsurance.com

INSURANCE. Home, Auto, Business, Trucking, Life Insurance, Commercial. 647-206-2452. Sukhwinder K Singh. CONNEX. 7050A Bramalea Rd, Unit # 13, Mississauga, ON L5S 1T1

AUTO & HOME INSURANCE. Super visa Insurance, Life & Disability, Critical illness, RESP, Visitor & Travel insurance. (416-845-1352). Manwinder Mangat, Broker. Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW. Supervisa / Visitor Insurance, Life /Mortgage/Funeral Insurance, Disability Insurance, Critical Illness Insurance, RESP /RRSP. www.ufsinsurance.com. JATINDERBIR S BAJWA, Insurance Broker. Dir: 647-928-4990. # 25-831 Bovaird Dr. W. Brampton, ON L6X0T9 | www.ufsinsurance.com

Canada Consumer Credit Assistance. ਕਰਜ਼ਾ ਰਹਿਤ ਜ਼ਿੰਦਗੀ ਜੀਓ. ਪਾਵਰ ਆਫ ਸੇਲ ਨੋਟਿਸ ? ਗਾਰਨਿਸ਼ਮੈਂਟ? ਬੈਂਕ ਵਲੋਂ ਪੈਸੇ ਦੀ ਮੰਗ ? ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ? ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ ਹੁਣੇ ਹੀ ਕਾਲ ਕਰੋ. 75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ. ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ. ਕਰਜ਼ੇ ਦੀ ਸਿਰਦਰਦੀ ? Late Evening and Weekends Appointments Available. 1888 864 3131. Jasbir Singh Hundal, Qualified Credit Counsellor. www.MakeMeDebtFree.ca. 416-502-3100. Unit #20 - 7015 Tranmere Drive Mississauga, ON L5S 1T7

HSBA Tax Services. 20% Discount For Students, New Immigrants and Senior Citizens. Personal / Corporation Tax, Accounting / Bookkeeping, Business Registrations, HST/WSIB/Payroll, Financial Statements/Audits, Mortgages and Loans. 647-720-5278. PRABHJOT KAUR (Sr. Accountant, M.B.A). 77-100 Maritime Ontario Blvd.,Brampton, ON L6S 0E7

GOEL TRAVEL. Low Rates, Best Service. ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ. ਗੋਇਲ ਟਰੈਵਲ. 905.796.0000. Tico # 50021780. 900 Raylawson Blvd. Unit # 6, Brampton

Mortgage! We Will Beat Any Rate !!! Purchase || Refinance || Major Banks /Credit Unions || Private Lenders || Second Mortgages-Lowest 6.99 %. The Mortgage Centre. AvonFinancial Inc. Brokerage Lic. 12538. Cell: 416-841-4218 Tel: 905-216-5563. Harpreet Singh Goraya, Principal Broker. 831 Bovaird Dr. West, Unit 25, Brampton, ON L6X 0T9 Fax: 905-216-0392

DHINDSA LAW. Barrister, Solicitor & Notary Public. Criminal and Family Law, Immigration, Real Estate, Wills, Affidavits & Notarizations. Special Discount For Student & Senior Citizens. NAVDEEP DHINDSA B-Tech/ LLB. Call: 437 998 1429. Locations: 10510 Torbram Rd Unit-J1, Brampton L6R 3N9 (Torbram & Sandalwood); 330 Highway 7 E, Suite 309, Richmond Hill- L4B 3P8

Law Office of Aman Sharma. Real Estate, Commercial Lease, Business Purchase & Sale, Notarizations & Affidavits, Wills & Power Of Attorney. Fax: 905-913-2344 Tel: 905-913-2355. 25 Cherrycrest Drive, Unit # 6 Brampton, ON, L6P 3W4. Aman Sharma. Open Saturday. Providing excellent quality legal services to our clients

ਨਵਾਂ ਘਾਹ ਲਵਾਉ. 647-784-1213. www.aaalandscaping.ca. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ. ਨਵਾਂ ਘਾਹ ਲਵਾਉ. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center. Licence $69. Toll Free: 1 855 230 0001. 7033 Telford Way, Unit #4, Mississauga, ON L5S 1V4. When You Need Re certified License & Training First Call to us. Cell: 416 726 6206 Tel: 905 405 0001. NC Dhawan, Certified Instructor

PROTECT YOUR HOME FROM PESTS. Pest Control. Low Rates/Excellent Pest Control Services. 100% Success rate for bed bug Treatment. Free Home Inspection Call Today. Ranjit Sidhu, Certified & Licenced Exterminator. BED BUG MATTRESS COVER ALSO AVAILABLE. A-Z Pest Control Inc. Cell: 647.668.3944 | Office: 905.455.0648. info@atozpestcontroltoronto.com | www.atozpestcontroltoronto.com

Super Visa Insurance, Visitor Visa Insurance, Travel Insurance, Student Insurance, New Immigrant 90 Days Med. Insurance. Punjab Insurance Inc. www.punjabinsurance.com. Sherjang Singh Rana 416.910.9000 rana@punjabinsurance.ca. 10-7003 Steeles Ave. West, Etobicoke, ON M9W 0A2. Harpreet Rana 416.871.3571 harpreetrana@punjabinsurance.ca

SEHMBI RENOVATIONS. ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ. Custom Kitchen Cabinets, Completly Furnished, Legal Basement, Painting & Flooring. ਵਾਜਿਬ ਕੀਮਤ ਤੇ ਸਮੇਂ ਸਿਰ ਕੰਮ. Jaswant Sehmbi: 647.524.0885

KELLEY LAW OFFICE. Immigration, Family Law, Corporate, Real Estate, Business Closing, Wills & Estate, Power of Attorney/Affidavit /Attestations. www.kelleylawoffice.ca | info@kelleylawoffice.ca. 1200 Derry Road E, #15, Mississauga, ON L5T 0B3. Shinder Kelley. 905-362-0755

ਕੀ ਤੁਸੀ ਕਿਰਲੇ-ਮਕੌੜਿਆਂ ਤੋ ਪਰੇਸ਼ਾਨ ਹੋ? MICE, COCKROACH, BEDBUG & ALL COMMON BUGS. All Pest Control. AFFORDABLE & RELIABLE PEST CONTROL SERVICES. ਅੱਜ ਹੀ ਕਾਲ ਕਰੋ. KSG Pest Control Inc. Residential, Commercial. www.ksgpestcontrol.ca ksgpestcontrol@gmail.com. Amarjeet Singh Gill, Certified & Licenced Exterminator. 647.990.3205

MANN LAW FIRM. Real Estate Law, Wills & Estates, Power of Attorney, Affidavits Notarization / Declaration, Business Law, Family Law, Civil Litigation. Maninder S. Mann B.A. (Hons.), LLB. BARRISTER SOLICITOR NOTARY. Address: 2130 North Park Dr. Suite 246 Brampton, ON L6S 0C9. T: 905 799 9333. www.mannlawfirm.ca

Royal Pest Control. Residential, Commercial, Industrial. Specialist in Bedbugs Service. All Pest Control: Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons. Call: PARESH PATEL. 416 938 4598







**FRESH & LARGE VARIETY**
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਪੁਲਿਸ ਡਿਪਾਰਟਮੈਂਟ ਵਿੱਚ ਵੱਡੀਆਂ ਤਬਦੀਲੀਆਂ ਦਾ ਮਿਨੀਆਪੋਲਿਸ ਸਿਟੀ ਕਾਉਂਸਲ ਮੈਂਬਰਾਂ ਵੱਲੋਂ ਸਮਰਥਨ

ਮਿਨੀਆਪੋਲਿਸ, 7 ਜੂਨ (ਪੋਸਟ ਬਿਊਰੋ) : ਮਿਨੀਆਪੋਲਿਸ ਸਿਟੀ ਕਾਉਂਸਲ ਮੈਂਬਰਾਂ ਵੱਲੋਂ ਆਪਣੇ ਪੁਲਿਸ ਡਿਪਾਰਟਮੈਂਟ ਵਿੱਚ ਵੱਡੀਆਂ ਤਬਦੀਲੀਆਂ ਦਾ ਸਮਰਥਨ ਕੀਤਾ ਜਾ ਰਿਹਾ ਹੈ।

ਅੱਜ ਦੁਪਹਿਰੇ ਸਿਟੀ ਪਾਰਕ ਵਿੱਚ ਹੋਈ ਰੈਲੀ ਵਿੱਚ ਸਿਟੀ ਕਾਉਂਸਲ ਦੇ 12 ਮੈਂਬਰਾਂ ਵਿੱਚੋਂ 9 ਨੇ ਹਿੱਸਾ ਲਿਆ ਤੇ ਪੁਲਿਸ ਵਿਭਾਗ ਵਿੱਚ ਵੱਡੀਆਂ ਤਬਦੀਲੀਆਂ ਦਾ ਤਹੱਈਆ ਪ੍ਰਗਟਾਇਆ। ਕਾਉਂਸਲ ਮੈਂਬਰ ਜੇਰੇਮਿਆਹ ਐਲੀਸਨ ਨੇ ਵਾਅਦਾ ਕੀਤਾ ਕਿ ਪੁਲਿਸ ਵਿਭਾਗ ਦੇ ਰੰਗ ਰੂਪ ਨੂੰ ਬਿਲਕੁਲ ਹੀ ਬਦਲ ਦਿੱਤਾ ਜਾਵੇਗਾ।



AFP via Getty Images

ਜਾਰਜ ਫਲੌਇਡ ਦੇ ਮੈਮੋਰੀਅਲ ਡੇਅ ਤੋਂ ਬਾਅਦ ਮਿਨੀਆਪੋਲਿਸ ਵਿੱਚ ਹਿੰਸਕ ਤੇ ਸ਼ਾਂਤਮਈ ਮੁਜ਼ਾਹਰੇ ਹੋਏ। ਕਮਿਊਨਿਟੀ ਕਾਰਕੁੰਨਾਂ ਵੱਲੋਂ ਲੰਮੇਂ ਸਮੇਂ ਤੋਂ ਸਥਾਨਕ ਪੁਲਿਸ ਵਿਭਾਗ ਉੱਤੇ ਨਸਲਵਾਦੀ ਤੇ ਜ਼ਾਲਮ ਹੋਣ ਦਾ ਦੋਸ਼ ਲੱਗਦਾ ਰਿਹਾ ਹੈ। ਪਿਛਲੇ ਹਫਤੇ ਮਿਨੀਸੋਟਾ ਵੱਲੋਂ ਵਿਭਾਗ ਦੀ ਸਿਵਲ ਰਾਈਟਸ ਸਬੰਧੀ ਜਾਂਚ ਸ਼ੁਰੂ ਕੀਤੀ ਗਈ। ਪਹਿਲੀ ਵੱਡੀ ਤਬਦੀਲੀ ਉਸ ਸਮੇਂ ਆਈ ਜਦੋਂ ਸਿਟੀ ਨੇ ਚੋਕਹੋਲਡਜ਼ ਤੇ ਨੈੱਕ ਰੀਸਟ੍ਰੇਂਟਸ ਉੱਤੇ ਪਾਬੰਦੀ ਲਈ ਸਹਿਮਤੀ ਦਿੱਤੀ। ਆਉਣ ਵਾਲੇ ਮਹੀਨਿਆਂ ਵਿੱਚ ਪੁਲਿਸ ਵਿਭਾਗ ਦਾ ਮੁਕੰਮਲ ਕਾਇਆਕਲਪ ਸਾਹਮਣੇ ਆਉਣ ਦੀ ਸੰਭਾਵਨਾ ਹੈ।

# ਡਾਊਨਜ਼ਵਿਊ ਪਾਰਕ ਨੇੜੇ ਹਿੱਟ ਐਂਡ ਰੰਨ ਮਾਮਲੇ ਵਿੱਚ 17 ਸਾਲਾ ਲੜਕੀ ਦੀ ਮੌਤ

ਟੋਰਾਂਟੋ, 7 ਜੂਨ (ਪੋਸਟ ਬਿਊਰੋ) : ਡਾਊਨਜ਼ਵਿਊ ਪਾਰਕ ਨੇੜੇ ਘਾਤਕ ਹਿੱਟ ਐਂਡ ਰੰਨ ਮਾਮਲੇ ਵਿੱਚ ਇੱਕ 17 ਸਾਲਾ ਲੜਕੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਲੜਕੀ ਜ਼ਖ਼ਮੀ ਹੋ ਗਈ।

ਪੁਲਿਸ ਨੇ ਦੱਸਿਆ ਕਿ ਇਹ ਦੋਵੇਂ ਲੜਕੀਆਂ ਰਾਤੀਂ 12:15 ਵਜੇ ਵਿਲਸਨ ਐਵਨਿਊ ਤੋਂ ਉੱਤਰ ਵੱਲ ਕੀਲੇ ਸਟਰੀਟ ਤੇ ਕੈਲਵਿੰਗਟਨ ਡਰਾਈਵ ਲਾਂਘੇ ਤੋਂ ਸੜਕ ਪਾਰ ਕਰ ਰਹੀਆਂ ਸਨ ਜਦੋਂ ਉੱਤਰ ਵੱਲ ਜਾ ਰਹੀ ਗੱਡੀ ਨੇ ਕੈਲਵਿੰਗਟਨ ਤੋਂ ਮੁੜਨ ਲੱਗਿਆਂ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਜਾਂਚਕਾਰਾਂ ਦਾ ਕਹਿਣਾ ਹੈ ਕਿ ਗੱਡੀ ਲਾਂਘੇ ਵੱਲ ਮੁੜ ਗਈ ਪਰ ਉੱਥੇ ਗੱਡੀ ਦੇ ਡਰਾਈਵਰ ਨੇ ਦੱਖਣ ਵੱਲ ਜਾ ਰਹੀ ਕਾਰ ਦੇ ਮੁੜਨ ਦੀ ਉਡੀਕ ਕੀਤੀ ਤੇ ਫਿਰ ਗੱਡੀ ਚਲਾ ਦਿੱਤੀ, ਜੋ ਕਿ ਅੱਧਾ ਰਸਤਾ ਪਾਰ ਕਰ ਚੁੱਕੀਆਂ ਲੜਕੀਆਂ ਨਾਲ ਜਾ ਟਕਰਾਈ।




17 ਸਾਲਾ ਲੜਕੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ 19 ਸਾਲਾ ਲੜਕੀ ਨੂੰ ਮਾਮੂਲੀ ਜ਼ਖ਼ਮੀ ਹੋਣ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ। ਟਰੈਫਿਕ ਸਰਵਿਸਿਜ਼ ਅਨੁਸਾਰ ਕਾਲੇ ਰੰਗ ਦੀ ਐਸਯੂਵੀ ਦਾ ਡਰਾਈਵਰ ਹਾਦਸੇ ਤੋਂ ਬਾਅਦ ਉੱਥੇ ਨਹੀਂ ਰੁਕਿਆ ਤੇ ਗੱਡੀ ਭਜਾ ਕੇ ਲੈ ਗਿਆ। ਜਾਂਚਕਾਰਾਂ ਅਨੁਸਾਰ ਅਜੇ ਗੱਡੀ ਦੀ ਪਛਾਣ ਨਹੀਂ ਹੋ ਪਾਈ ਹੈ ਪਰ ਜਲਦੀ ਹੀ ਗੱਡੀ ਲੱਭ ਲਈ ਜਾਵੇਗੀ ਕਿਉਂਕਿ ਗੱਡੀ ਨੂੰ ਵੀ ਨੁਕਸਾਨ ਹੋਇਆ ਹੋਵੇਗਾ।

# ਭਾਰਤ ਕੋਰੋਨਾ ਵਾਇਰਸ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਦੇਸ਼ਾਂ ਵਿੱਚੋਂ ਛੇਵੇਂ ਥਾਂ

## * ਪੰਜਾਬ ਵਿੱਚ ਇੱਕ ਮੌਤ ਹੋਰ, ਕੇਸਾਂ ਦੀ ਗਿਣਤੀ ਵੀ ਵਧੀ



ਨਵੀਂ ਦਿੱਲੀ, 8 ਜੂਨ, (ਪੋਸਟ ਬਿਊਰੋ)- ਭਾਰਤ ਵਿੱਚ ਇਸ ਐਤਵਾਰ ਨੂੰ ਲਗਾਤਾਰ 5ਵੇਂ ਦਿਨ ਸਭ ਤੋਂ ਵੱਧ ਕੇਸ ਮਿਲਣ ਨਾਲ ਇਹ ਦੁਨੀਆਂ ਦੇ ਸਭ ਤੋਂ ਪ੍ਰਭਾਵਤ ਦੇਸ਼ਾਂ ਵਿੱਚ ਛੇਵੇਂ ਥਾਂ ਖੜਾ ਹੈ। ਇਸ ਐਤਵਾਰ ਵਾਲੇ ਚੌਵੀ ਘੰਟਿਆਂ ਵਿੱਚ ਦੇਸ਼ ਵਿੱਚ 9,971 ਨਵੇਂ ਕੇਸ ਪਤਾ ਲੱਗੇ ਹਨ ਤੇ ਕੋਰੋਨਾ ਦੇ ਕੁੱਲ ਕੇਸਾਂ ਦੀ ਗਿਣਤੀ ਅੱਜ ਸੋਮਵਾਰ ਦੀ ਸਵੇਰ ਹੋਣ ਤੱਕ ਵਧ ਕੇ 2,57,506 ਤੱਕ ਜਾਣ ਦੇ ਨਾਲ ਮੌਤਾਂ ਦੀ ਗਿਣਤੀ 7207 ਹੋ ਗਈ ਹੈ। ਸੰਸਾਰ ਦੀ ਸਾਈਟ ਵਰਲਡੋਮੀਟਰ ਦੀ ਇਸ ਗਿਣਤੀ ਨਾਲੋਂ ਭਾਰਤ ਦੇ ਸਿਹਤ ਵਿਭਾਗ ਦੀ ਦੱਸੀ ਗਿਣਤੀ ਘੱਟ ਹੈ, ਕਿਉਂਕਿ ਸਿਹਤ ਵਿਭਾਗ ਰਾਜਾਂ ਤੋਂ ਅੰਕੜੇ ਮਿਲਣ ਦੇ ਬਾਅਦ ਆਪਣੀ ਕੁੱਲ ਗਿਣਤੀ ਦੇ ਅੰਕੜੇ ਜਾਰੀ ਕਰਦਾ ਹੈ। ਸਭ ਤੋਂ ਵੱਧ ਪ੍ਰਭਾਵਤ ਦੇਸ਼ਾਂ ਅਮਰੀਕਾ, ਬ੍ਰਾਜ਼ੀਲ, ਰੂਸ ਤੇ ਬ੍ਰਿਟੇਨ ਹੀ ਕੋਰੋਨਾ ਦੀ ਗਿਣਤੀ ਦੇ ਪੱਖ ਤੋਂ ਇਸ ਵਕਤ ਤੱਕ ਭਾਰਤ ਤੋਂ ਉੱਪਰ ਹਨ।

ਅੱਜ ਤੱਕ ਮਿਲੇ ਅੰਕੜਿਆਂ ਮੁਤਾਬਕ ਫਿਰ ਮਹਾਰਾਸ਼ਟਰ ਸਭ ਤੋਂ ਵੱਧ ਪ੍ਰਭਾਵਤ ਰਾਜ ਹੈ, ਜਿੱਥੇ ਕੋਰੋਨਾ ਦੇ ਕੇਸਾਂ ਦੀ ਕੁੱਲ ਗਿਣਤੀ 82,968 ਅਤੇ ਮੌਤਾਂ ਦੀ ਗਿਣਤੀ 2969 ਹੋ ਚੁੱਕੀ ਹੈ। ਦੂਸਰੇ ਸਭ ਤੋਂ ਵੱਧ ਪ੍ਰਭਾਵਤ ਰਾਜ ਗੁਜਰਾਤ ਵਿੱਚ ਮੌਤਾਂ ਦੀ ਗਿਣਤੀ 1219 ਅਤੇ ਦਿੱਲੀ ਵਿੱਚ 761 ਦੱਸੀ ਗਈ ਹੈ। ਮੱਧ ਪ੍ਰਦੇਸ਼ ਵਿੱਚ ਮੌਤਾਂ ਦੀ ਰਫਤਾਰ ਕੁਝ ਘਟੀ ਹੈ ਤੇ ਇਸ ਵਕਤ ਤੱਕ ਓਥੇ 399 ਮੌਤਾਂ ਹੋਈਆਂ ਹਨ, ਪੱਛਮੀ ਬੰਗਾਲ ਵਿੱਚ 383, ਉੱਤਰ ਪ੍ਰਦੇਸ਼ 357 ਅਤੇ ਤਾਮਿਲ ਨਾਡੂ ਵਿੱਚ 251 ਮੌਤਾਂ ਹੋਈਆਂ ਹਨ। ਰਾਜਸਥਾਨ ਵਿੱਚ ਮੌਤਾਂ ਦਾ ਸਿਲਸਿਲਾ ਕੁਝ ਰੁਕਦਾ ਜਾਪਦਾ ਹੈ।

ਪੰਜਾਬ ਦੇ ਲੁਧਿਆਣਾ ਵਿੱਚ ਡੀ ਐੱਮ ਸੀ ਹਸਪਤਾਲ ਵਿੱਚ ਇੱਕ 60 ਸਾਲਾ ਬਜ਼ੁਰਗ ਮਹਿਲਾ ਦੀ ਮੌਤ ਹੋ ਗਈ ਹੈ। ਇਹ ਕੋਰੋਨਾ ਨਾਲ ਪੰਜਾਬ ਵਿੱਚ 51ਵੀਂ ਮੌਤ ਸੀ। ਉਹ ਕੋਰੋਨਾ ਵਾਇਰਸ ਦੇ ਨਾਲ ਸ਼ੂਗਰ, ਕਿਡਨੀ ਤੇ ਸਾਹ ਦੇ ਰੋਗ ਤੋਂ ਪੀੜਤ ਸੀ। ਸਿਵਲ ਸਰਜਨ ਡਾ. ਰਾਜੇਸ਼ ਬੱਗਾ ਨੇ ਦੱਸਿਆ ਕਿ ਜ਼ਿਲੇ ਵਿੱਚ 7 ਨਵੇਂ ਕੇਸ ਪਤਾ ਲੱਗੇ ਹਨ। ਸਾਰੇ ਰਾਜ ਵਿੱਚ ਅੱਜ ਤੱਕ ਕੁੱਲ ਕੇਸਾਂ ਦੀ ਗਿਣਤੀ 2515 ਹੋਈ ਦੱਸੀ ਜਾਂਦੀ ਹੈ।

ਦਿੱਲੀ ਵਿੱਚ ਕੋਰੋਨਾ ਦੇ ਕੇਸਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਤੇ ਮਾਹਰਾਂ ਦਾ ਕਹਿਣਾ ਹੈ ਕਿ ਜੂਨ ਦੇ ਅਖੀਰ ਤੱਕ ਕੋਰੋਨਾ ਦੇ ਇਕ ਲੱਖ ਕੇਸ ਹੋ ਸਕਦੇ ਹਨ। ਦਿੱਲੀ ਸਰਕਾਰ ਵੱਲੋਂ ਬਣਾਈ ਡਾਕਟਰਾਂ ਦੀ ਪੰਜ ਮੈਂਬਰੀ ਟੀਮ ਵੀ ਜੂਨ ਦੇ ਅੰਤ ਤਕ ਦਿੱਲੀ ਵਿੱਚ ਕੋਰੋਨਾ ਦੇ ਘੱਟੋ ਘੱਟ ਇਕ ਲੱਖ ਕੇਸ ਹੋਣ ਦੀ ਸੰਭਾਵਨਾ ਦੱਸਦੀ ਹੈ। ਇਸ ਦੀ ਰਿਪੋਰਟ ਵਿੱਚ ਦਿੱਲੀ ਵਿੱਚ 15 ਹਜ਼ਾਰ ਹੋਰ ਬੈੱਡ ਦਾ ਪ੍ਰਬੰਧ ਕਰਨ ਨੂੰ ਕਿਹਾ ਗਿਆ ਹੈ।

# ਕਿਸਾਨੀ ਬਾਰੇ ਕੇਂਦਰ ਸਰਕਾਰ ਦੇ ਗਲਤ ਫੈਸਲੇ ਦਾ ਵਿਰੋਧ ਕੀਤਾ ਜਾਵੇਗਾ : ਅਮਰਿੰਦਰ

ਚੰਡੀਗੜ੍ਹ, 7 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਰੋਨਾ ਵਾਇਰਸ ਦੇ ਫੈਲਣ ਦੇ ਸੰਬੰਧ ਵਿੱਚ ਦੇਸ਼ ਦੇ ਮੁਕਾਬਲੇ ਆਪਣੇ ਰਾਜ ਦੀ ਹਾਲਤ ਕਾਫੀ ਠੀਕ ਦੱਸੀ ਹੈ। ਉਨ੍ਹਾਂ ਕਿਹਾ ਹੈ ਕਿ ਕੇਂਦਰ ਸਰਕਾਰ ਦੇ ਕੁਝ ਤਾਜ਼ਾ ਫੈਸਲੇ ਗਲਤ ਹਨ ਤੇ ਮੈਂ ਇਨ੍ਹਾਂ ਬਾਰੇ ਪ੍ਰਧਾਨ ਮੰਤਰੀ ਕੋਲ ਵਿਰੋਧ ਦਰਜ ਕਰਾਂਗਾ।

ਅੱਜ ਫੇਸਬੁੱਕ ਰਾਹੀਂ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਂਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਤੇ ਪੰਜਾਬੀਅਤ ਨੂੰ ਬਚਾਉਣ ਲਈ ਇਸ ਰਾਜ ਦੇ ਲੋਕਾਂ ਨੂੰ ਸਿਹਤ ਵਿਭਾਗ ਦੀਆਂ ਹਦਾਇਤਾਂ ਮੰਨਣ, ਮਾਸਕ ਪਾਉਣ ਤੇ ਸਰੀਰਕ ਦੂਰੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾ ਕਿਹਾ ਕਿ ਵਾਰ-ਵਾਰ ਹਦਾਇਤਾਂ ਕਰਨਾ ਚੰਗਾ ਨਹੀਂ ਲੱਗਦਾ, ਪਰ ਇਹ ਬਿਮਾਰੀ ਬਹੁਤ ਭਿਆਨਕ ਹੈ, ਇਸ ਤੋਂ ਬਚਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਕੱਲ੍ਹ ਇਕੋ ਦਿਨ ਦੌਰਾਨ ਮਾਸਕ ਨਾ ਪਾਉਣ ਕਰ ਕੇ 4600 ਲੋਕਾਂ ਅਤੇ ਜਨਤਕ ਸਥਾਨ ਉੱਤੇ ਥੁੱਕਣ ਵਾਲੇ 160 ਲੋਕਾਂ ਦੇ ਚਲਾਨ ਕਰਨੇ ਪਏ ਹਨ। ਦੇਸ਼ ਅਤੇ ਦੁਨੀਆ ਦੀ ਸਥਿਤੀ ਦਾ ਹਵਾਲਾ ਦੇ ਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਰਤ ਵਿੱਚ ਰੋਜ਼ 9 ਹਜ਼ਾਰ ਦੇ ਕਰੀਬ ਕੇਸ ਨਿਕਲ ਰਹੇ ਹਨ, ਇਸ ਨੂੰ ਵੇਖਿਆ ਜਾਵੇ ਤਾਂ ਪੰਜਾਬ ਦੀ ਹਾਲਤ ਬੜੀ ਵਧੀਆ ਹੈ ਤੇ ਕੋਰੋਨਾ ਦੇ ਮਰੀਜ਼ ਵੀ ਘੱਟ ਹਨ ਅਤੇ ਰਿਕਵਰੀ ਦੀ ਦਰ ਵੀ 85 ਫ਼ੀਸਦੀ ਦੇ ਕਰੀਬ ਹੈ।



ਇਸ ਮੌਕੇ ਭਾਰਤ ਸਰਕਾਰ ਦੇ ਖੇਤੀ ਸੈਕਟਰ ਵਿਚ ਤਬਦੀਲੀਆਂ ਦੇ ਫੈਸਲੇ ਬਾਰੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਘੱਟੋ-ਘੱਟ ਸਹਾਇਕ ਕੀਮਤ (ਐੱਮ ਐੱਸ ਪੀ) ਨੇ ਕਿਸਾਨਾਂ ਤੇ ਦੇਸ਼ ਨੂੰ ਬਚਾਇਆ ਸੀ ਅਤੇ ਪਿਛਲੇ ਕਾਫੀ ਸਮੇਂ ਤੋਂ ਸਭ ਠੀਕ ਚੱਲਦਾ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਨੂੰ ਵਿਘਨ ਪਾਉਣ ਦਾ ਫੈਸਲਾ ਪਤਾ ਨਹੀਂ ਕਿਉਂ ਲਿਆ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਹ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਵਿਰੋਧ ਪ੍ਰਗਟ ਕਰਨਗੇ ਤੇ ਤਾਜ਼ਾ ਫ਼ੈਸਲਾ ਵਾਪਸ ਲੈਣ ਨੂੰ ਕਹਿਣਗੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਐਤਕੀਂ ਪੰਜਾਬ ਵਿੱਚ ਕਣਕ ਦੀ ਰਿਕਾਰਡ ਪੈਦਾਵਾਰ ਹੋਈ ਹੈ, ਕੁਝ ਲੋਕ ਪਿਛਲੇ ਸਾਲ ਤੋਂ ਕਣਕ ਦੀ ਘੱਟ ਖ਼ਰੀਦ ਹੋਣ ਤੇ ਮੰਡੀਆਂ ਵਿਚ ਕਣਕ ਘੱਟ ਆਉਣ ਦੀ ਗੱਲ ਕਰਦੇ ਹਨ, ਪਰ ਇਸ ਦਾ ਕਾਰਨ ਗਵਾਂਢ ਰਾਜਸਥਾਨ ਤੋਂ ਪੰਜਾਬ ਦੀਆਂ ਮੰਡੀਆਂ ਵਿੱਚ ਕਣਕ ਦਾ ਨਾ ਆਉਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਗੰਨੇ ਦੀ ਬਕਾਇਆ ਪੈਸਿਆਂ ਦਾ ਭੁਗਤਾਨ ਕਰ ਦਿੱਤਾ ਜਾਵੇਗਾ। ਪ੍ਰਾਈਵੇਟ ਸਕੂਲਾਂ ਵੱਲੋਂ ਫੀਸਾਂ ਲੈਣ ਬਾਰੇ ਉਨ੍ਹਾ ਕਿਹਾ ਕਿ ਜਦੋਂ ਸਕੂਲ ਹੀ ਨਹੀਂ ਖੁੱਲ੍ਹੇ ਤਾਂ ਫੀਸਾਂ ਕਾਹਤੋਂ ਲੈਣੀਆਂ ਹਨ?

ਪੰਜਾਬ ਦੀ ਰਿਆਤ-ਬਾਹਰਾ ਯੂਨੀਵਰਸਿਟੀ ਦੇ ਇੱਕ ਮੁਲਾਜ਼ਮ ਵੱਲੋਂ ਤਨਖਾਹ ਨਾ ਦੇਣ ਦੀ ਸ਼ਿਕਾਇਤ ਉੱਤੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਗੰਭੀਰ ਮਾਮਲਾ ਹੈ, ਉਹ ਸਿੱਖਿਆ ਵਿਭਾਗ ਨੂੰ ਸਥਿਤੀ ਦੇਖਣ ਲਈ ਕਹਿਣਗੇ।

# 85 ਸਾਲ ਦੇ ਦਲਾਈ ਲਾਮਾ ਕਹਿੰਦੇ ਨੇ ਕਿ ਮੈਂ ਅਜੇ ਵੀਹ ਸਾਲ ਤੋਂ ਵੱਧ ਜੀਊਂਦਾ ਰਹਾਂਗਾ

ਧਰਮਸ਼ਾਲ, 7 ਜੂਨ (ਪੋਸਟ ਬਿਊਰੋ)- ਤਿੱਬਤੀ ਧਰਮਗੁਰੂ ਦਲਾਈ ਲਾਮਾ (84) ਨੇ ਆਪਣੇ ਪੈਰੋਕਾਰਾਂ, ਵਿਸ਼ੇਸ਼ ਕਰ ਕੇ ਤਿੱਬਤੀਆਂ ਨੂੰ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਦੀ ਸਿਹਤ ਬਹੁਤ ਵਧੀਆ ਹੈ ਅਤੇ ਉਹ ਅਜੇ ਵੀਹ ਸਾਲ ਤੋਂ ਵੱਧ ਸਮੇਂ ਤੱਕ ਜੀਊਂਦੇ ਰਹਿਣਗੇ। ਦਲਾਈ ਲਾਮਾ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਮੈਂ ਉਮੀਦ ਕਰਦਾ ਹਾਂ ਕਿ ਅਗਲੇ ਵੀਹ ਸਾਲਾਂ ਤੱਕ ਅਤੇ ਉਸ ਤੋਂ ਅੱਗੇ ਤੱਕ ਵੀ ਮੈਂ ਇਥੇ ਹਿੱਸਾ ਲੈਂਦਾ ਰਹਾਂਗਾ। ਮੈਂ ਦੱਖਣ ਭਾਰਤ ਦੇ ਮਠਾਂ ਦੇ ਲੋਕਾਂ ਨੂੰ ਅਪੀਲ ਕਰਨਾ ਚਾਹਾਂਗਾ ਕਿ ਇਸ ਨੂੰ ਇੱਕ ਸਾਲਾਨਾ ਆਯੋਜਨ ਬਣਾਉਣ। ਬੁੱਧ ਧਰਮ ਦੇ ਮੁਖੀ ਦਲਾਈ ਲਾਮਾ ਅਗਲੇ ਮਹੀਨੇ 85 ਸਾਲ ਦੇ ਹੋ ਜਾਣਗੇ। ਉਨ੍ਹਾਂ ਨੇ ਇਹ ਸਲਾਹ ਦਿੱਤੀ ਹੈ ਕਿ 'ਬੋਧਚਿਤ' ਸਮਾਰੋਹ ਨੂੰ ਤਿੱਬਤੀ ਮਠਾਂ ਵਿੱਚ ਇੱਕ ਸਾਲਾਨਾ ਪ੍ਰੋਗਰਾਮ ਦੇ ਰੂਪ ਵਿੱਚ ਮਨਾਇਆ ਜਾਏ। ਦਲਾਈ ਲਾਮਾ ਨੇ ਸ਼ੁੱਕਰਵਾਰ ਇਥੇ ਆਪਣੀ ਰਿਹਾਇਸ਼ 'ਤੇ ਮਨ ਦੀ ਸਾਧਨਾ ਲਈ ਇੱਕ ਵਰਚੁਅਲ ਸਮਾਰੋਹ ਦੀ ਅਗਵਾਈ ਕੀਤੀ। ਇਸ ਵਿਸ਼ੇਸ਼ ਸਮਾਰੋਹ ਦੇ ਮਹੱਤਵ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਨੇ ਕਿਹਾ, ਸ਼ੂਨਯਤਾ ਬਾਰੇ ਬੁੱਧ ਦੀਆਂ ਸਿਖਿਆਵਾਂ ਦੀ ਧੁਨੀ ਨਾਲ ਪੈਦਾ ਹੋਣ ਵਾਲੇ ਇੱਕ ਪਰਉਪਕਾਰੀ ਆਚਰਣ ਨਾਲ ਹੀ ਅਸੀਂ ਆਪਣੇ ਨਾਲ ਦੂਸਰਿਆਂ ਦਾ ਵੀ ਭਲਾ ਕਰ ਸਕਦੇ ਹਾਂ। ਖੁਦ ਦੀ ਦੇਖਭਾਲ ਕਰਨ ਤੋਂ ਜ਼ਿਆਦਾ ਸਾਨੂੰ ਦੂਸਰਿਆਂ ਦੀ ਦੇਖਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਅਸੀਂ ਖੁਦ 'ਤੇ ਵੱਧ ਧਿਆਨ ਦਿੰਦੇ ਹਾਂ, ਪਰ ਸਾਨੂੰ ਲੋੜ ਮੁਤਾਬਕ ਧਿਆਨ ਦੇਣਾ ਚਾਹੀਦਾ ਹੈ, ਪੈਸਾ ਅਤੇ ਸ਼ਕਤੀ ਨਾਲ ਤੁਸੀਂ ਆਕਰਸ਼ਿਤ ਹੋ ਸਕਦੇ ਹੋ, ਪਰ ਇੱਕ ਪਰਉਪਕਾਰੀ ਰਵੱਈਆ ਰੱਖਣਾ ਵੱਧ ਪ੍ਰਭਾਵੀ ਹੈ। ਦਲਾਈ ਲਾਮਾ 1959 ਵਿੱਚ ਆਪਣੀ ਜਨਮ ਭੂਮੀ ਤੋਂ ਭੱਜ ਗਏ ਸਨ ਅਤੇ ਉਸ ਦੇ ਬਾਅਦ ਤੋਂ ਉਹ ਭਾਰਤ ਵਿੱਚ ਜਲਾਵਤਨੀ ਵਿੱਚ ਰਹਿ ਰਹੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਆਉਂਦੀ ਅਕਲ ਟਰੰਪ ਨੂੰ ਅਜੇ ਹੈ ਨਹੀਂ,
ਉੱਬਲਦੇ ਜਾਰਜ ਦੇ ਕੇਸ ਤੋਂ ਲੋਕ ਬੇਲੀ।
ਦੁਨੀਆ ਵਿੱਚ ਮੁਜ਼ਾਹਰੇ ਪਏ ਹੋਈ ਜਾਂਦੇ,
ਲੱਗਣੀ ਕਿੱਦਾਂ ਅਮਰੀਕਾ 'ਚ ਰੋਕ ਬੇਲੀ।
ਕਾਬੂ ਪੁਲਸ ਤੋਂ ਆਏ ਹਾਲਾਤ ਹੈ ਨਹੀਂ,
ਕਹਿੰਦਾ, ਫੌਜ ਵੀ ਦਿਆਂਗਾ ਝੋਕ ਬੇਲੀ।
ਅੰਤਲੇ ਸਾਲ ਵਿੱਚ ਓਸ ਦਾ ਰਾਜ ਜਾਂਦਾ,
ਬਣਿਆ ਰਾਜ ਬੇਹੂਦਾ ਜਿਹਾ ਜੋਕ ਬੇਲੀ।
ਮੁੜ ਕੇ ਜਿੱਤਣ ਨੂੰ ਲਾਈ ਹੈ ਤਾਣ ਜਾਂਦਾ,
ਮਸਲੇ ਮੁਲਕ ਦੇ ਗਿਆ ਸਭ ਭੁੱਲ ਬੇਲੀ।
ਵੋਟਰਾਂ ਨਾਲ ਨਾ ਅਕਲ ਦੀ ਗੱਲ ਕਰਦਾ,
ਬਿਨਾਂ ਸੋਚਣ ਤੋਂ ਲਾਉਂਦਾ ਹੈ ਟੂੱਲ ਬੇਲੀ।

ਤੀਸ ਮਾਰ ਖਾਂ

# ਟਰੰਪ ਦੀ ਹੇਟ ਸਪੀਚ ਬਾਰੇ ਜ਼ੁਕਰਬਰਗ ਨੇ ਦਿੱਲੀ ਵਿਚਲੇ ਭਾਜਪਾ ਨੇਤਾ ਦੀ ਮਿਸਾਲ ਦਿੱਤੀ





ਵਾਸ਼ਿੰਗਟਨ, 7 ਜੂਨ, (ਪੋਸਟ ਬਿਊਰੋ)- ਸੋਸ਼ਲ ਮੀਡੀਆ ਪਲੇਟ ਫਾਰਮ ਫੇਸਬੁੱਕ ਦੇ ਮੁਖੀ ਮਾਰਕ ਜ਼ੁਕਰਬਰਗ ਨੇ ਇਸ ਮੰਚ ਉੱਤੇ ਹੇਟ-ਸਪੀਚ ਦੇ ਹੜ੍ਹ ਬਾਰੇ ਡੂੰਘੀ ਨਰਾਜ਼ਗੀ ਜਤਾਈ ਹੈ। ਉਨ੍ਹਾਂ ਨੇ ਆਪਣੇ ਮੁਲਾਜ਼ਮਾਂ ਨਾਲ ਮੀਟਿੰਗ ਦੇ ਦੌਰਾਨ ਕਿਹਾ ਕਿ ਹਿੰਸਾ ਭੜਕਾਉਣ ਵਾਲੇ ਬਿਆਨਾਂ ਬਾਰੇ ਸਾਡੀਆਂ ਨੀਤੀਆਂ ਬਿਲਕੁਲ ਸਾਫ ਹਨ ਤੇ ਅਸੀਂ ਇਸ ਕਿਸਮ ਦੇ ਕਿਸੇ ਵੀ ਧਿਰ ਦੇ ਕਿਸੇ ਵੀ ਆਗੂ ਦਾ ਬਿਆਨ ਬਰਦਾਸ਼ਤ ਨਹੀਂ ਕਰਾਂਗੇ। ਜ਼ੁਕਰਬਰਗ ਨੇ ਬੈਠਕ ਵਿੱਚ ਦਿੱਲੀ ਦੇ ਭਾਜਪਾ ਨੇਤਾ ਕਪਿਲ ਮਿਸ਼ਰਾ ਦੇ ਬਿਆਨ ਦਾ ਜ਼ਿਕਰ ਕੀਤਾ, ਜਿਹੜਾ ਉਨ੍ਹਾਂ ਨੇ ਦਿੱਲੀ ਹਿੰਸਾ ਦੌਰਾਨ ਦਿੱਤਾ ਸੀ।

ਅਸਲ ਵਿੱਚ ਮਾਰਕ ਜ਼ੁਕਰਬਰਗ ਗੈਰ-ਗੋਰੇ ਅਮਰੀਕੀ ਜਾਰਜ ਫਲਾਇਡ ਦੀ ਮੌਤ ਕਾਰਨ ਭੜਕੀ ਹਿੰਸਾ ਨੂੰ ਲੈ ਕੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਕੁਝ ਟਿੱਪਣੀਆਂ ਖਿਲਾਫ ਕਾਰਵਾਈ ਨਾ ਕਰਨ ਬਾਰੇ ਦੱਸ ਰਹੇ ਸਨ। ਕਰੀਬ 2500 ਮੁਲਾਜ਼ਮਾਂ ਦੀ ਮੌਜੂਦਗੀ ਵਿਚ ਜ਼ੁਕਰਬਰਗ ਨੇ ਕਿਹਾ ਕਿ ਟਰੰਪ ਦੀਆਂ ਟਿੱਪਣੀਆਂ ਨੇ ਬਿਨਾਂ ਕਾਨੂੰਨੀ ਅਧਿਕਾਰ ਤੋਂ ਪੁਲਸ ਵੱਲੋਂ ਕੀਤੀ ਗਈ ਕਾਰਵਾਈ ਨੂੰ ਉਤਸ਼ਾਹਿਤ ਹੀ ਨਹੀਂ ਕੀਤਾ, ਸਗੋਂ ਹਿੰਸਾ ਰੋਕਣ ਲਈ ਹੋਰ ਤਾਕਤ ਵਰਤਣ ਦਾ ਜ਼ਿਕਰ ਵੀ ਕੀਤਾ ਸੀ। ਇਸ ਬੈਠਕ ਵਿੱਚ ਜ਼ੁਕਰਬਰਗ ਨੇ ਕਿਹਾ ਕਿ ਹਿੰਸਾ ਭੜਕਾਉਣ ਵਾਲੇ ਬਿਆਨਾਂ ਬਾਰੇ ਸਾਡੀਆਂ ਨੀਤੀਆਂ ਬਿਲਕੁਲ ਸਾਫ ਹਨ ਅਤੇ ਦੁਨੀਆ ਵਿਚ ਅਜਿਹੀਆਂ ਕਈਆਂ ਮਿਸਾਲਾਂ ਹਨ, ਜਦ ਅਸੀਂ ਸਰਕਾਰੀ ਅਧਿਕਾਰੀਆਂ ਦੇ ਇਸ ਤਰ੍ਹਾਂ ਦੇ ਬਿਆਨਾਂ ਨੂੰ ਹਟਾਇਆ ਹੋਇਆ ਹੈ।

ਇਸ ਮੌਕੇ ਜ਼ੁਕਰਬਰਗ ਨੇ ਕਿਹਾ ਕਿ ਮਿਸਾਲ ਵਜੋਂ ਭਾਰਤ ਵਿੱਚ ਕਿਸੇ ਨੇ ਕਿਹਾ ਸੀ ਕਿ ਜੇ ਪੁਲਸ ਇਹ ਸਭ ਕੁਝ ਨਹੀਂ ਸੰਭਾਲ ਸਕਦੀ ਤਾਂ ਸਾਡੇ ਸਮਰਥਕ ਇਥੇ ਉਤਰ ਆਉਣਗੇ ਤੇ ਸੜਕਾਂ ਖਾਲੀ ਕਰਵਾ ਦੇਣਗੇ। ਆਪਣੇ ਸਮਰਥਕਾਂ ਨੂੰ ਉਕਸਾਉਣ ਵਾਲਾ ਉਸ ਨੇਤਾ ਦਾ ਬਿਆਨ ਵੀ ਅਸੀਂ ਹਟਾ ਦਿੱਤਾ ਸੀ। ਵਰਨਣ ਯੋਗ ਹੈ ਕਿ ਏਦਾਂ ਦਾ ਬਿਆਨ ਦਿੱਲੀ ਵਿੱਚ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਇੱਕ ਨੇਤਾ ਨੇ ਦਿੱਤਾ ਸੀ।

# ਦੁਨੀਆ ਵਿੱਚ ਕੋਰੋਨਾ ਦਾ ਕਹਿਰ ਅਜੇ ਵੀ ਲਗਾਤਾਰ ਜਾਰੀ

### ਬਰਤਾਨੀਆ ਵਿੱਚ ਧਾਰਮਿਕ ਸਥਾਨ 15 ਜੂਨ ਤੋਂ ਖੁੱਲ੍ਹਣਗੇ

ਲੰਡਨ, 8 ਜੂਨ, (ਪੋਸਟ ਬਿਊਰੋ)- ਜਦੋਂ ਹਾਲੇ ਸਾਰੀ ਦੁਨੀਆ ਵਿੱਚ ਕੋਰੋਨਾ ਵਾਇਰਸ ਦਾ ਕਹਿਰ ਲਗਾਤਾਰ ਜਾਰੀ ਹੈ, ਓਦੋਂ ਬ੍ਰਿਟੇਨ ਦੇ ਸਾਰੇ ਧਾਰਮਿਕ ਸਥਾਨ ਪ੍ਰਾਰਥਨਾ ਲਈ 15 ਜੂਨ ਤੋਂ ਖੋਲ੍ਹ ਦੇਣ ਦਾ ਫੈਸਲਾ ਹੋ ਗਿਆ ਹੈ।

ਅੱਜ ਭਾਰਤ ਵਿੱਚ ਸੋਮਵਾਰ ਦੀ ਸਵੇਰ ਤੱਕ ਸੰਸਾਰ ਭਰ ਵਿੱਚ ਕੁੱਲ ਕੇਸਾਂ ਦੀ ਗਿਣਤੀ 70,81,811 ਹੋ ਚੁੱਕੀ ਹੈ ਤੇ ਇਸ ਦੌਰਾਨ ਸੰਸਾਰ ਭਰ ਵਿੱਚ 4,05,074 ਲੋਕਾਂ ਦੀ ਮੌਤ ਵੀ ਹੋ ਚੁੱਕੀ ਹੈ। ਇਕੱਲੇ ਅਮਰੀਕਾ ਵਿੱਚ 20,07,449 ਕੇਸ ਹੋ ਚੁੱਕੇ ਤੇ ਕੁੱਲ ਮੌਤਾਂ ਦੀ ਗਿਣਤੀ 1,12,469 ਦੱਸੀ ਗਈ ਹੈ। ਦੂਸਰੇ ਨੰਬਰ ਉੱਤੇ ਸਭ ਤੋਂ ਵੱਧ ਮੌਤਾਂ ਦੇ ਪੱਖ ਤੋਂ ਬਰਤਾਨੀਆ ਹੈ, ਜਿੱਥੇ 40,542 ਲੋਕ ਮਾਰੇ ਗਏ ਹਨ। ਕੇਸਾਂ ਦੇ ਪੱਖੋਂ ਭਾਵੇਂ ਰੂਸ ਦਾ ਨੰਬਰ ਬਰਾਜ਼ੀਲ ਤੇ ਬ੍ਰਿਟੇਨ ਦੋਵਾਂ ਤੋਂ ਅੱਗੇ ਹੈ, ਪਰ ਓਥੇ ਅੱਜੇ 5859 ਮੌਤਾਂ ਹੋਈਆਂ ਹਨ, ਜਦ ਕਿ ਬਰਾਜ਼ੀਲ ਵਿੱਚ 36,499, ਸਪੇਨ ਵਿੱਚ 27,136, ਇਟਲੀ ਵਿੱਚ 33,899, ਫਰਾਂਸ ਵਿੱਚ 29,155 ਅਤੇ ਮੈਕਸੀਕੋ ਵਿੱਚ 13,511 ਮੌਤਾਂ ਹੋ ਚੁੱਕੀਆਂ ਹਨ।

ਬ੍ਰਿਟੇਨ ਦੇ ਕਮਿਊਨਿਟੀ ਸੈਕਟਰੀ ਰਾਬਰਟ ਜੈਨਰਿਕ ਨੇ ਐਤਵਾਰ ਨੂੰ ਦੱਸਿਆ ਕਿ ਵੱਖ-ਵੱਖ ਧਰਮਾਂ ਦੇ ਆਗੂਆਂ ਦੀ ਸਰਕਾਰ ਦੇ ਪ੍ਰਤੀਨਿਧਾਂ ਨਾਲ ਮੀਟਿੰਗ ਪਿੱਛੋਂ ਧਾਰਮਿਕ ਸਥਾਨ ਖੋਲ੍ਹਣ ਦਾ ਫ਼ੈਸਲਾ ਲਿਆ ਗਿਆ ਹੈ। ਇਹ ਵੀ ਫ਼ੈਸਲਾ ਕੀਤਾ ਗਿਆ ਹੈ ਕਿ ਧਾਰਮਿਕ ਸਥਾਨਾਂ ਵਿੱਚ ਵੱਡੇ ਇਕੱਠ ਨਹੀਂ ਕੀਤੇ ਜਾਣਗੇ ਤੇ ਫੇਸ ਮਾਸਕ ਲਾ ਕੇ ਸਰੀਰਕ ਦੂਰੀ ਦਾ ਸਖ਼ਤੀ ਨਾਲ ਪਾਲਣ ਕੀਤਾ ਜਾਵੇਗਾ, ਜਿਸ ਬਾਰੇ ਸਰਕਾਰ ਛੇਤੀ ਹੀ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕਰੇਗੀ।

# ਸ਼ਾਂਤਮਈ ਰੋਸ ਪ੍ਰਦਰਸ਼ਨ ਪਿੱਛੋਂ ਨਿਊਯਾਰਕ ਸਿਟੀ ਵਿੱਚੋਂ ਕਰਫਿਊ ਹਟਾ ਦਿੱਤਾ ਗਿਆ

### * ਫਲਾਇਡ ਮੁੱਦੇ ਤੋਂ ਅਮਰੀਕਾ ਵਿੱਚ ਪ੍ਰਦਰਸ਼ਨਾਂ ਦਾ ਚੱਕਰ ਜਾਰੀ



ਨਿਊਯਾਰਕ, 7 ਜੂਨ, (ਪੋਸਟ ਬਿਊਰੋ)- ਗੈਰ-ਗੋਰੇ ਜਾਰਜ ਫਲਾਇਡ ਦੀ ਮੌਤ ਦੇ ਮਾਮਲੇ ਵਿੱਚ ਪੁਲਸ ਦੀ ਜ਼ਿਆਦਤੀ ਖਿਲਾਫ ਰੋਸ ਪ੍ਰਦਰਸ਼ਨਾਂ ਪਿੱਛੋਂ ਨਿਊਯਾਰਕ ਸਿਟੀ ਦੇ ਮੇਅਰ ਬਿਲ ਡੀ ਬਲਾਸੀਓ ਨੇ ਐਤਵਾਰ ਸਵੇਰੇ ਇਸ ਸ਼ਹਿਰ ਵਿਚ ਲੱਗ ਕਰਫਿਊ ਨੂੰ ਸਮੇਂ ਤੋਂ ਪਹਿਲਾਂ ਹਟਾ ਦੇਣ ਦਾ ਐਲਾਨ ਕੀਤਾ ਹੈ, ਪਰ ਰਾਤ ਦੇ ਸਮੇਂ ਲਈ ਲੱਗਾ ਕਰਫਿਊ ਹਾਲੇ ਜਾਰੀ ਰਹੇਗਾ। ਮੇਅਰ ਬਿਲ ਡੀ ਬਲਾਸੀਓ ਨੇ ਕਰਫਿਊ ਖਤਮ ਕਰਨ ਬਾਰੇ ਟਵੀਟ ਕੀਤਾ ਕਿ ਕੱਲ੍ਹ ਤੇ ਅੱਜ ਰਾਤ ਅਸੀਂ ਸ਼ਹਿਰ ਨੂੰ ਕਾਫੀ ਚੰਗੇ ਹਾਲਾਤ ਵਿਚ ਵੇਖ ਕੇ ਫਿਰ ਤੋਂ ਕੰਮ ਸ਼ੁਰੂ ਕਰਨ ਲਈ ਇਹ ਕਦਮ ਚੁੱਕ ਰਹੇ ਹਾਂ।

ਉਂਜ ਇਹ ਕਦਮ ਨਿਊਯਾਰਕ ਸਿਟੀ ਪੁਲਸ ਵੱਲੋਂ ਸ਼ਨੀਵਾਰ ਕਰਫਿਊ ਲਾਗੂ ਕੀਤੇ ਜਾਣ ਮਗਰੋਂ ਚੁੱਕਿਆ ਗਿਆ ਹੈ, ਕਿਉਂਕਿ ਮਿਨੀਆਪੋਲਿਸ ਪੁਲਸ ਵੱਲੋਂ ਜਾਰਜ ਫਲਾਇਡ ਦੀ ਮੌਤ ਪਿੱਛੋਂ ਪੁਲਸ ਦੇ ਖਿਲਾਫ ਹਜ਼ਾਰਾਂ ਲੋਕ ਸੜਕਾਂ ਉੱਤੇ ਆ ਗਏ ਸਨ। ਸ਼ਨੀਵਾਰ ਰਾਤ ਨੂੰ ਕਰਫਿਊ ਲੱਗਣ ਤੋਂ 2 ਘੰਟੇ ਬਾਅਦ ਵੀ ਰੋਸ ਕਰਨ ਵਾਲੇ ਕਈ ਗਰੁੱਪ ਮੈਨਹੱਟਨ ਅਤੇ ਬਰੁਕਲਿਨ ਦੀਆਂ ਸੜਕਾਂ ਉੱਤੇ ਘੁੰਮਦੇ ਰਹੇ, ਪਰ ਪੁਲਸ ਨੇ ਸਿਰਫ ਨਿਗਰਾਨੀ ਕੀਤੀ, ਕੁਝ ਕਿਹਾ ਨਹੀਂ ਸੀ। ਸ਼ਨੀਵਾਰ ਨੂੰ ਮੈਨਹੱਟਨ ਵਿਚ ਪ੍ਰਦਰਸ਼ਨ ਦੌਰਾਨ ਲੋਕਾਂ ਨੇ ਬਰੁਕਲਿਨ ਪੁਲ ਪਾਰ ਕੀਤਾ ਤੇ ਲੋਅਰ ਮੈਨਹੱਟਨ ਪਹੁੰਚ ਕੇ ਹੋਰ ਗਰੁੱਪਾਂ ਨਾਲ ਮਿਲ ਕੇ ਫੋਲੀ ਸਕੁਆਇਰ ਤੇ ਵਾਸ਼ਿੰਗਟਨ ਸਕੁਆਇਰ ਪਾਰਕ ਵਿਖੇ ਵੱਡੇ ਇਕੱਠ ਕੀਤੇ ਸਨ। ਪੁਲਸ ਨੇ ਇਸ ਮੌਕੇ ਬੈਰੀਅਰ ਲਾਏ, ਪਰ ਟਾਈਮਸ ਸਕੁਆਇਰ ਨੂੰ ਗੱਡੀਆਂ ਤੇ ਪੈਦਲ ਜਾਂਦੇ ਲੋਕਾਂ ਲਈ ਬੰਦ ਰੱਖਿਆ ਸੀ। ਕਰਫਿਊ ਹਟਣ ਪਿੱਛੋਂ ਲੋਕਾਂ ਦੀ ਵੱਡੀ ਭੀੜ ਨੇ ਮਾਰਚ ਕੀਤਾ ਤਾਂ ਪੁਲਸ ਨੂੰ ਇਕ ਪਾਸੇ ਸੜਕ ਬੰਦ ਕਰਨੀ ਪਈ ਸੀ। ਜਾਰਜ ਫਲਾਇਡ ਦੀ ਮੌਤ ਦੇ ਰੋਸ ਵਜੋਂ ਸ਼ਨਿੱਚਰਵਾਰ ਨੂੰ ਸ਼ਿਕਾਗੋ ਵਿੱਚ ਵੀ ਮਾਰਚ ਕੀਤਾ ਗਿਆ। ਸ਼ਿਕਾਗੋ ਮਾਰਚ ਆਫ਼ ਜਸਟਿਸ ਵਿੱਚ ਲਗਪਗ 20,000 ਲੋਕ ਸ਼ਾਮਲ ਹੋਏ ਅਤੇ ਇਨ੍ਹਾਂ ਨੇ ਜਾਰਜ ਫਲਾਈਡ ਲਈ ਨਿਆਂ ਦੀ ਮੰਗ ਕੀਤੀ ਸੀ।

# ਕੇਜਰੀਵਾਲ ਦਾ ਐਲਾਨ: ਕੇਸ ਵਧਣ ਕਾਰਨ ਦਿੱਲੀ ਦੇ ਹਸਪਤਾਲਾਂ ਵਿੱਚ ਬਾਹਰੀ ਲੋਕਾਂ ਦਾ ਇਲਾਜ ਨਹੀਂ ਹੋਵੇਗਾ

### * ਫੈਸਲੇ ਦਾ ਵਿਰੋਧ ਕਰਦਾ ਦਿੱਲੀ ਭਾਜਪਾ ਦਾ ਪ੍ਰਧਾਨ ਗ੍ਰਿਫਤਾਰ



ਨਵੀਂ ਦਿੱਲੀ, 7 ਜੂਨ, (ਪੋਸਟ ਬਿਊਰੋ)- ਦਿੱਲੀ ਵਿੱਚ ਕੋਰੋਨਾ ਦੇ ਵੱਧਦੇ ਕੇਸਾਂ ਕਾਰਨ ਕੇਜਰੀਵਾਲ ਸਰਕਾਰ ਨੇ ਫ਼ੈਸਲਾ ਲਿਆ ਹੈ ਕਿ ਅੱਗੇ ਤੋਂ ਬਾਹਰਲੇ ਮਰੀਜ਼ਾਂ ਦਾ ਇਲਾਜ ਇਸ ਸਰਕਾਰ ਦੇ ਹਸਪਤਾਲਾਂ ਵਿੱਚ ਨਹੀਂ ਹੋਵੇਗਾ। ਦਿੱਲੀ ਸਰਕਾਰ ਦੇ ਕੰਟਰੋਲ ਵਾਲੇ ਹਸਪਤਾਲਾਂ ਵਿੱਚ ਸਿਰਫ਼ ਦਿੱਲੀ ਦੇ ਲੋਕਾਂ ਦਾ ਇਲਾਜ ਹੋਵੇਗਾ, ਪਰ ਕੇਂਦਰ ਸਰਕਾਰ ਦੇ ਕੰਟਰੋਲ ਵਾਲੇ ਹਸਪਤਾਲਾਂ ਵਿੱਚ ਕੋਈ ਵੀ ਮਰੀਜ਼ ਆਪਣਾ ਇਲਾਜ ਕਰਵਾ ਸਕਦਾ ਹੈ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮਾਰਚ ਤਕ ਦਿੱਲੀ ਦੇ ਸਾਰੇ ਹਸਪਤਾਲ ਪੂਰੇ ਦੇਸ਼ ਦੇ ਲੋਕਾਂ ਦਾ ਇਲਾਜ ਕਰਨ ਲਈ ਖੁੱਲ੍ਹੇ ਸਨ ਅਤੇ ਹਰ ਸਮੇਂ ਦਿੱਲੀ ਦੇ ਹਸਪਤਾਲਾਂ ਵਿੱਚ 60 ਤੋਂ 70 ਫੀਸਦੀ ਲੋਕ ਦਿੱਲੀ ਤੋਂ ਬਾਹਰ ਦੇ ਸਨ, ਪਰ ਕੋਰੋਨਾ ਦੇ ਕੇਸ ਤੇਜ਼ੀ ਨਾਲ ਵਧਣ ਕਾਰਨ ਰਾਜ ਸਰਕਾਰ ਬੈੱਡਾਂ ਦਾ ਪ੍ਰਬੰਧ ਕਰ ਰਹੀ ਹੈ ਅਤੇ ਓਨੀ ਦੇਰ ਤੱਕ ਬਾਹਰਲੇ ਮਰੀਜ਼ਾਂ ਦਾ ਇਲਾਜ ਨਹੀਂ ਕੀਤਾ ਜਾ ਸਕੇਗਾ।

ਦਿੱਲੀ ਸਰਕਾਰ ਦੇ ਇਸ ਫ਼ੈਸਲੇ ਖ਼ਿਲਾਫ਼ ਭਾਜਪਾ ਭੜਕ ਪਈ ਹੈ। ਜਦੋਂ ਦਿੱਲੀ ਕੈਬਨਿਟ ਦੇ ਫ਼ੈਸਲੇ ਦਾ ਪਤਾ ਲੱਗਾ ਤਾਂ ਭਾਜਪਾ ਦੇ ਸੂਬਾ ਪ੍ਰਧਾਨ ਆਦੇਸ਼ ਗੁਪਤਾ ਦੀ ਅਗਵਾਈ ਵਿੱਚ ਪਾਰਟੀ ਆਗੂ ਰਾਜਘਾਟ ਜਾ ਕੇ ਪ੍ਰਦਰਸ਼ਨ ਕਰਨ ਲੱਗੇ। ਓਥੇ ਪ੍ਰਦਰਸ਼ਨ ਕਰਦੇ ਦਿੱਲੀ ਭਾਜਪਾ ਦੇ ਪ੍ਰਧਾਨ ਆਦੇਸ਼ ਗੁਪਤਾ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਤੇ ਨਾਲ ਭਾਜਪਾ ਦੇ ਹੋਰ ਵਰਕਰਾਂ ਨੂੰ ਵੀ ਹਿਰਾਸਤ ਵਿੱਚ ਲੈ ਲਿਆ। ਪਤਾ ਲੱਗਾ ਹੈ ਕਿ ਆਦੇਸ਼ ਗੁਪਤਾ ਤੇ ਹੋਰ ਆਗੂਆਂ ਨੂੰ ਬਸ ਵਿੱਚ ਬੈਠਾ ਕੇ ਰਾਜੇਂਦਰ ਨਗਰ ਥਾਣੇ ਲਿਜਾਇਆ ਗਿਆ ਹੈ। ਇਸ ਮੌਕੇ ਭਾਜਪਾ ਨੇ ਦੋਸ਼ ਲਾਇਆ ਕਿ ਮਰੀਜ਼ਾਂ ਨਾਲ ਮਨਮਾਨੀ ਕਰਨ ਵਾਲੇ ਹਸਪਤਾਲਾਂ ਦੇ ਖ਼ਿਲਾਫ਼ ਦਿੱਲੀ ਸਰਕਾਰ ਕੋਈ ਕਰਵਾਈ ਨਹੀਂ ਕਰ ਰਹੀ ਅਤੇ ਸਿਰਫ਼ ਬਿਆਨਬਾਜੀ ਕਰਦੀ ਹੈ।

### ਵਿਗਿਆਨੀਆਂ ਵੱਲੋਂ ਚਿਤਾਵਨੀ:

# ਗੰਜੇ ਮਰਦਾਂ ਨੂੰ ਕੋਰੋਨਾ ਵਾਇਰਸ ਦਾ ਖਤਰਾ ਵੱਧ ਹੁੰਦੈ



ਨਵੀਂ ਦਿੱਲੀ, 7 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਇਨਫੈਕਸ਼ਨ ਬਾਰੇ ਵਿਗਿਆਨੀਆਂ ਨੇ ਕਿਹਾ ਹੈ ਕਿ ਗੰਜੇ ਲੋਕਾਂ ਨੂੰ ਇਸ ਦਾ ਖਤਰਾ ਵੱਧ ਹੋ ਸਕਦਾ ਹੈ ਅਤੇ ਉਨ੍ਹਾਂ ਦੀ ਮੌਤ ਦਾ ਡਰ ਵੀ ਵੱਧ ਹੋ ਸਕਦਾ ਹੈ।

ਇਸ ਮਾਮਲੇ ਵਿੱਚ ਵਿਗਿਆਨੀਆਂ ਦਾ ਕਹਿਣਾ ਹੈ ਕਿ ਵਾਲ ਝੜਨ ਦੇ ਪਿੱਛੇ ਐਂਡਰੋਜਨ ਹਾਰਮੋਨ ਜ਼ਿੰਮਵਾਰ ਹੁੰਦੇ ਹਨ। ਕੋਰੋਨਾ ਵਾਇਰਸ ਦੇ ਕਈ ਸਭ ਤੋਂ ਖਰਾਬ ਕੇਸਾਂ ਵਿੱਚ ਇਸ ਹਾਰਮੋਨ ਦਾ ਵੀ ਸੰਬੰਧ ਨਿਕਲਿਆ ਹੈ। ਅਮਰੀਕਾ ਦੀ ਬਰਾਊਨ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਖੋਜ ਦੇ ਮੁਖੀ ਲੇਖਕ ਕਾਰਲੋਸ ਵੈਂਬੀਅਰ ਨੇ ਬ੍ਰਿਟਿਸ਼ ਟੈਲੀਗ੍ਰਾਫ ਨੂੰ ਕਿਹਾ ਕਿ ਅਸੀਂ ਅਸਲ ਵਿੱਚ ਇਹ ਸਮਝਦੇ ਹਾਂ ਕਿ ਗੰਜਾਪਣ ਕੋਰੋਨਾ ਦੇ ਗੰਭੀਰ ਖਤਰੇ ਦਾ ਸੰਕੇਤ ਦੇ ਸਕਦਾ ਹੈ। ਇਸ ਤੋਂ ਪਹਿਲਾਂ ਕਈ ਅੰਕੜਿਆਂ ਤੋਂ ਇਹ ਪਤਾ ਲੱਗਾ ਸੀ ਕਿ ਕੋਰੋਨਾ ਨਾਲ ਬਿਮਾਰ ਹੋਣ ਵਾਲੇ ਮਰਦਾਂ ਦੀ ਮੌਤ ਦਾ ਖਦਸ਼ਾ ਔਰਤਾਂ ਨਾਲੋਂ ਵੱਧ ਹੁੰਦਾ ਹੈ। ਗੰਜੇ ਲੋਕਾਂ 'ਚ ਕੋਰੋਨਾ ਇਨਫੈਕਸ਼ਨ ਬਾਰੇ ਪ੍ਰੋਫੈਸਰ ਵੈਂਬੀਅਰ ਨੇ ਕਿਹਾ ਕਿ ਸਾਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਐਂਡਰੋਜਨ ਸਰੀਰ ਵਿੱਚ ਵਾਇਰਸ ਦੀ ਐਂਟਰੀ ਲਈ ਗੇਟਵੇ ਦਾ ਕੰਮ ਕਰਦਾ ਹੈ। ਉਨ੍ਹਾਂ ਨੇ ਸਪੇਨ ਵਿੱਚ ਇਸ ਬਾਰੇ ਦੋ ਸਟੱਡੀਜ਼ ਕੀਤੀਆਂ ਹਨ। ਦੋਵਾਂ ਸਟੱਡੀਜ਼ ਤੋਂ ਇਹ ਗੱਲ ਪਤਾ ਲੱਗੀ ਕਿ ਹਸਪਤਾਲ 'ਚ ਦਾਖਲ ਹੋਏ ਕੋਰੋਨਾ ਪੀੜਤਾਂ 'ਚ ਗੰਜੇ ਲੋਕਾਂ ਨੂੰ ਅਨੁਪਾਤ ਵੱਧ ਹੈ। ਮਿਲੀ ਜਾਣਕਾਰੀ ਮੁਤਾਬਕ ਇਸ ਸਟੱਡੀ ਨੂੰ ਅਮਰੀਕਨ ਅਕੈਡਮੀ ਡਰਮੋਟਾਲਿਜੀ ਜਨਰਲ ਵਿੱਚ ਛਾਪਿਆ ਗਿਆ ਹੈ। ਸਪੇਨ 'ਚ ਕੀਤੀ ਇੱਕ ਹੋਰ ਸਟੱਡੀ ਵਿੱਚ ਦੇਖਿਆ ਗਿਆ ਕਿ ਕੋਰੋਨਾ ਦੇ 41 ਮਰੀਜ਼ਾਂ ਵਿੱਚ 71 ਫੀਸਦੀ ਅਜਿਹੇ ਸਨ, ਜੋ ਗੰਜੇ ਸਨ। ਇਸ ਸਟੱਡੀ ਤੋਂ ਸਪੱਸ਼ਟ ਹੈ ਕਿ ਗੰਜੇ ਲੋਕਾਂ ਨੂੰ ਕੋਰੋਨਾ ਵਾਇਰਸ ਦੀ ਬਿਮਾਰੀ ਤੋਂ ਬਚਣ ਲਈ ਵੱਧ ਚੌਕਸੀ ਦੀ ਲੋੜ ਹੈ।

# ਉੱਤਰ ਪ੍ਰਦੇਸ਼ ਦੇ ਫਰਜ਼ੀ ਨਿਯੁਕਤੀ ਕੇਸ ਵਿੱਚ ਟੀਚਰ ਅਨਾਮਿਕਾ ਗ੍ਰਿਫਤਾਰ

ਲਖਨਊ, 7 ਜੂਨ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ 25 ਜ਼ਿਲਿਆਂ ਦੇ ਕਸਤੂਰਬਾ ਗਾਂਧੀ ਰਿਹਾਇਸ਼ੀ ਸਕੂਲਾਂ ਵਿੱਚ ਅਨਾਮਿਕ ਸ਼ੁਕਲਾ ਦੇ ਨਾਂਅ ਨਾਲ ਨੌਕਰੀ ਕਰਨ ਦੇ ਕੇਸ ਦੇ ਜਲਦੀ ਪਰਦਾ ਫਾਸ਼ ਹੋਣ ਦੀ ਆਸ ਹੈ। ਅਨਾਮਿਕਾ ਨਾਂਅ ਦੇ ਦਸਤਾਵੇਜ਼ਾਂ 'ਤੇ ਨਿਯੁਕਤ ਫਰਜ਼ੀ ਅਧਿਆਪਕਾ ਨੂੰ ਕਾਸਗੰਜ ਵਿੱਚ ਕੱਲ੍ਹ ਗ੍ਰਿਫਤਾਰ ਕਰ ਲਿਆ ਗਿਆ। ਉਸ ਨੇ ਆਪਣਾ ਨਾਂਅ ਪ੍ਰੀਆ ਦੱਸਿਆ ਹੈ। ਵਿਭਾਗ ਵੱਲੋਂ ਨੋਟਿਸ ਮਿਲਣ ਦੇ ਬਾਅਦ ਇਹ ਬੀ ਐੱਸ ਏ ਦਫਤਰ ਅਸਤੀਫਾ ਦੇਣ ਆਈ ਸੀ। ਇਸੇ ਦੌਰਾਨ ਉਸ ਨੂੰ ਕਾਬੂ ਕਰ ਲਿਆ ਗਿਆ। ਪੁਲਸ ਨੇ ਉਸ ਦੇ ਖਿਲਾਫ ਧੋਖਾਧੜੀ ਤੇ ਕੋਡਿਡ ਰਿਕਾਰਡ ਤਿਆਰ ਕਰਨ ਦਾ ਮੁਕੱਦਮਾ ਦਰਜ ਕਰ ਕੇ ਗ੍ਰਿਫਤਾਰ ਕੀਤਾ ਹੈ।

ਕਸਤੂਰਬਾ ਗਾਂਧੀ ਰਿਹਾਇਸ਼ੀ ਸਕੂਲਾਂ ਵਿੱਚ ਸਾਇੰਸ ਟੀਚਰ ਦੇ ਨਾਂਅ 'ਤੇ ਵੱਡਾ ਫਰਜ਼ੀਵਾੜਾ ਸਾਹਮਣੇ ਆਇਆ ਸੀ। 25 ਜ਼ਿਲਿਆਂ ਵਿੱਚ ਅਨਾਮਿਕਾ ਸ਼ੁਕਲਾ ਨਾਂਅ ਦੀ ਟੀਚਰ ਕੰਮ ਕਰ ਰਹੀ ਹੈ। ਸਾਰਿਆਂ ਦੇ ਦਸਤਾਵੇਜ਼ ਵੀ ਇੱਕੋ ਹਨ। ਜਾਂਚ ਦੇ ਬਾਅਦ ਕਾਸਗੰਜ ਦੇ ਫਰੀਦਪੁਰ ਦੇ ਕਸਤੂਰਬਾ ਸਕੂਲ ਵਿੱਚ ਤੈਨਾਤ ਟੀਚਰ ਅਨਾਮਿਕਾ ਸ਼ੁਕਲਾ ਨੂੰ ਚਾਰ ਜੂਨ ਨੂੰ ਨੋਟਿਸ ਭੇਜ ਕੇ ਸਪੱਸ਼ਟੀਕਰਨ ਮੰਗਿਆ ਗਿਆ। ਕੱਲ੍ਹ ਉਹ ਬੀ ਐੱਸ ਏ ਦਫਤਰ ਪਹੁੰਚੀ ਤੇ ਉਸ ਨੇ ਆਪਣੇ ਸਾਥੀ ਰਾਹੀਂ ਅਸਤੀਫਾ ਭੇਜਿਆ ਅਤੇ ਖੁਦ ਬਾਹਰ ਕਾਰ ਵਿੱਚ ਬੈਠੀ ਰਹੀ। ਸਟਾਫ ਨੇ ਨੌਜਵਾਨ ਨੂੰ ਉਥੇ ਬਿਠਾ ਲਿਆ ਅਤੇ ਉਸ ਕੋਲੋਂ ਜਾਣਕਾਰੀ ਮਿਲਣ ਉੱਤੇ ਬਾਹਰ ਕਾਰ ਵਿੱਚ ਬੈਠੀ ਟੀਚਰ ਨੂੰ ਵੀ ਫੜ ਲਿਆ।

ਪ੍ਰੀਆ ਨੇ ਪੁਲਸ ਨੂੰ ਕਈ ਘੰਟੇ ਗੁੰਮ-ਰਾਹ ਕੀਤਾ। ਪਹਿਲਾਂ ਆਪਣਾ ਨਾਂਅ ਅਨਾਮਿਕਾ ਸਿੰਘ ਅਤੇ ਪਿਤਾ ਦਾ ਨਾਂਅ ਰਾਜੇਸ਼ ਦੱਸਿਆ, ਪਰ ਜਦ ਪੁਲਸ ਨੇ ਕਈ ਵਾਰ ਪੁੱਛਗਿੱਛ ਕੀਤੀ ਤਾਂ ਉਸ ਨੂੰ ਸਮਝਾ ਕੇ ਹੋਏ ਸੱਚ ਦੱਸਣ ਨੂੰ ਕਿਹਾ ਤਾਂ ਉਸ ਨੇ ਆਪਣਾ ਨਾਂਅ ਪ੍ਰੀਆ ਅਤੇ ਪਿਤਾ ਦਾ ਨਾਂਅ ਮਹੀਪਾਲ ਸਿੰਘ ਵਾਸੀ ਨਵੀਂ ਬਸਤੀ ਕਾਸਗੰਜ ਫਰੂਖਾਬਾਦ ਦੱਸਿਆ। ਉਹ ਮੂਲ ਵਾਸੀ ਕਾਸਗੰਜ ਦੇ ਪਿੰਡ ਲਖਨਪੁਰ ਦੀ ਦੱਸੀ ਜਾ ਰਹੀ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

MEMBER iccrc IMMIGRATION CONSULTANTS OF CANADA REGULATORY COUNCIL

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

Paramjit Deol Broker

CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

"Your neighborhood broker, Call Paramjit Deol Today"

**Mississauga $749,000** — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000** — 3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000** — Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000** — 39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000** — Photo Not Available — 7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000** — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000** — Photo Not Available — 23 Wilmot St: Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000** — Photo Not Available — Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000** — Photo Not Available — 115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000** — Mississauga Rd/Sandalwood Pkwy: 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000** — Ferndale & Edgehill: Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000** — Photo Not Available — 150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000** — 124 Cornwall Rd: Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500** — Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888** — King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000** — Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +. Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਅਮਰੀਕਾ ਵਿੱਚ ਰਾਸ਼ਟਰਪਤੀ ਚੋਣ ਲਈ ਜੋਅ ਬਿਡੇਨ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਬਣੇ

ਵਾਸ਼ਿੰਗਟਨ, 7 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਜੋਅ ਬਿਡੇਨ ਰਸਮੀ ਤੌਰ 'ਤੇ ਇਸ ਦੇਸ਼ ਦੇ ਰਾਸ਼ਟਰਪਤੀ ਅਹੁਦੇ ਲਈ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਬਣ ਗਏ ਹਨ। ਇਸ ਵਰ੍ਹੇ ਤਿੰਨ ਨਵੰਬਰ ਨੂੰ ਹੋਣ ਵਾਲੀ ਰਾਸ਼ਟਰਪਤੀ ਚੋਣ ਵਿੱਚ ਜੋਅ ਬਿਡੇਨ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ, ਜੋ ਦੂਜੀ ਵਾਰ ਰਾਸ਼ਟਰਪਤੀ ਅਹੁਦੇ ਲਈ ਮੈਦਾਨ ਵਿੱਚ ਨਿੱਤਰੇ ਹੋਏ ਹਨ, ਨੂੰ ਚੁਣੌਤੀ ਪੇਸ਼ ਕਰਨਗੇ।



ਸ਼ੁੱਕਰਵਾਰ ਰਾਤ 77 ਸਾਲਾ ਬਿਡੇਨ ਕੁੱਲ 3979 ਡੈਲੀਗੇਟਾਂ ਵਿੱਚੋਂ ਅੱਧੇ ਤੋਂ ਵੱਧ 1991 ਡੈਲੀਗੇਟਾਂ ਦਾ ਸਮਰਥਨ ਹਾਸਲ ਕਰ ਕੇ ਰਾਸ਼ਟਰਪਤੀ ਚੋਣ ਦੇ ਉਮੀਦਵਾਰ ਲਈ ਡੈਮੋਕ੍ਰੇਟਿਕ ਪਾਰਟੀ ਦੀ ਨਾਮਜ਼ਦਗੀ ਜਿੱਤ ਗਏ ਹਨ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਰਾਜ ਵਿੱਚ (2009 ਤੋਂ 2017 ਦੌਰਾਨ) ਉਪ ਰਾਸ਼ਟਰਪਤੀ ਰਹੇ ਬਿਡੇਨ ਨੂੰ ਅਗਸਤ ਵਿੱਚ ਵਿਸਕਾਂਨਸਿਨ ਵਿੱਚ ਹੋਣ ਵਾਲੀ ਡੈਮੋਕ੍ਰੇਟਿਕ ਨੈਸ਼ਨਲ ਕਨਵੈਨਸ਼ਨ ਮੌਕੇ ਰਸਮੀ ਤੌਰ 'ਤੇ ਨਾਮਜ਼ਦ ਕੀਤਾ ਜਾਵੇਗਾ। ਡੈਲੀਗੇਟਾਂ ਦਾ ਬਹੁਮਤ ਜਿੱਤਣ ਮਗਰੋਂ ਬਿਡੇਨ ਨੇ ਕਿਹਾ ਕਿ ਅਮਰੀਕਾ ਆਪਣੇ ਇਤਿਹਾਸ ਦੇ ਮੁਸ਼ਕਲ ਦੌਰ ਵਿੱਚੋਂ ਲੰਘ ਰਿਹਾ ਹੈ ਅਤੇ ਡੋਨਾਲਡ ਟਰੰਪ ਦੀ ਗੁਸੈਲ ਅਤੇ ਵੰਡ ਪਾਊ ਸਿਆਸਤ ਇਸ ਦਾ ਹੱਲ ਨਹੀਂ ਹੈ। ਉਨ੍ਹਾਂ ਕਿਹਾ, ਦੇਸ਼ ਇੱਕ ਅਜਿਹੀ ਲੀਡਰਸ਼ਿਪ ਲਈ ਵਿਲਕ ਰਿਹਾ ਹੈ, ਜਿਹੜੀ ਸਾਨੂੰ ਇਕਜੁਟ ਕਰ ਸਕੇ। ਸਾਨੂੰ ਇਸ ਵੇਲੇ ਅਜਿਹੇ ਅਰਥਚਾਰੇ ਦੀ ਲੋੜ ਹੈ, ਜੋ ਹਰੇਕ ਲਈ ਕੰਮ ਕਰੇ। ਉਨ੍ਹਾਂ ਕਿਹਾ ਕਿ ਸਾਨੂੰ ਅਜਿਹੇ ਰਾਸ਼ਟਰਪਤੀ ਦੀ ਲੋੜ ਹੈ, ਜੋ ਸਾਡੇ ਜ਼ਖਮ ਭਰਨ ਦੀ ਚਿੰਤਾ ਕਰਦਾ ਹੋਵੇ। ਵਰਨਣ ਯੋਗ ਹੈ ਕਿ ਬਿਡੇਨ ਭਾਰਤ ਅਤੇ ਅਮਰੀਕਾ ਸੰਬੰਧਾਂ ਦਾ ਸਮਰਥਕ ਰਿਹਾ ਹੈ।

# ਉਤਰੀ ਕੋਰੀਆ ਨੇ ਦੱਖਣੀ ਕੋਰੀਆ ਅਤੇ ਅਮਰੀਕਾ ਨਾਲ ਸਮਝੌਤਾ ਰੱਦ ਕਰਨ ਦੀ ਧਮਕੀ ਦਿੱਤੀ

ਪਿਉਂਗਯੇਂਗ, ਜੂਨ (ਪੋਸਟ ਬਿਊਰੋ)- ਉਤਰੀ ਕੋਰੀਆ ਨੇ ਦੱਖਣੀ ਕੋਰੀਆ ਅਤੇ ਅਮਰੀਕਾ ਨਾਲ ਸਮਝੌਤੇ ਰੱਦ ਕਰਨ ਦੀ ਧਮਕੀ ਦਿੱਤੀ ਅਤੇ ਅਮਰੀਕਾ ਦੀ ਤੁਲਨਾ ਚੀਨ ਵੱਲੋਂ ਅਕੁਆਇਰ ਕੀਤੇ ਜਾ ਰਹੇ ਸੂਰਜ ਨਾਲ ਕੀਤੀ ਹੈ।

ਉਤਰ ਕੋਰੀਆ ਨੇ ਮਿਨਿਆਪੋਲਿਸ ਪੁਲਸ ਹਿਰਾਸਤ ਵਿੱਚ ਜਾਰਜ ਫਲਾਇਡ ਦੀ ਮੌਤ 'ਤੇ ਅਮਰੀਕਾ ਵਿੱਚ ਫੈਲੀ ਗੜਬੜ ਲਈ ਵੀ ਟ੍ਰੰਪ ਨੂੰ ਜ਼ਿੰਮੇਦਾਰ ਕਿਹਾ ਹੈ।





ਇਸ ਦੌਰਾਨ ਦੱਖਣੀ ਕੋਰੀਆਈ ਕਾਰਜਕਰਤਾ ਵੱਲੋਂ ਸਰਹੱਦ ਉੱਤੇ ਕਿਮ ਜੋਂਗ ਉਨ ਦੀ ਸਰਕਾਰ ਵਿਰੁੱਧ ਪਰਚਾ ਸੁੱਟਣ ਨਾਲ ਉਤਰ ਕੋਰੀਆ ਇੱਕ ਵਾਰ ਫਿਰ ਭੜਕ ਗਿਆ ਹੈ। ਉਤਰ ਕੋਰੀਆ ਦੇ ਹਾਕਮ ਕਿਮ ਜੋਂਗ ਉਨ ਦੀ ਬੇਹੱਦ ਤਾਕਤਵਰ ਭੈਣ ਕਿਮ ਯੋ ਜੋਂਗ ਇੱਕ ਫਿਰ ਚਰਚਾ ਵਿੱਚ ਹੈ। ਉਤਰ ਕੋਰੀਆ ਦੇ ਬਾਗੀ ਦੱਖਣੀ ਕੋਰੀਆ ਦੀ ਸੀਮਾ ਉੱਤੇ ਗੁਬਾਰੇ ਉਡਾਉਦੇ ਰਹਿੰਦੇ ਹਨ। ਇਨ੍ਹਾਂ ਗੁਬਾਰਿਆਂ ਉੱਤੇ ਕਿਮ ਜੋਂਗ ਉਨ ਦੀ ਤਾਨਾਸ਼ਾਹੀ ਦੇ ਵਿਰੁੱਧ ਮੈਸੇਜ ਲਿਖੇ ਹੁੰਦੇ ਹਨ। ਕਿਮ ਨੇ ਬਾਗੀਆਂ ਨੂੰ ਮਨੁੱਖੀ ਮੈਲਾ ਅਤੇ ਦੋਗਲਾ ਕੁੱਤਾ ਕਿਹਾ ਹੈ। ਉਸ ਦੀ ਭੈਣ ਨੇ ਦੱਖਣ ਕੋਰੀਆ ਨੂੰ ਧਮਕੀ ਦਿੱਤੀ ਕਿ ਜੇ ਉਸ ਨੇ ਇਸ ਵਿਰੋਧ ਪ੍ਰਦਰਸ਼ਨ ਨੂੰ ਨਾ ਰੋਕਿਆ ਤਾਂ ਉਹ ਦੋਵਾਂ ਦੇਸ਼ਾਂ ਦਾ ਫੌਜੀ ਸਮਝੌਤਾ ਰੱਦ ਕਰ ਦੇਣਗੇ।

ਦੱਖਣੀ ਕੋਰੀਆ ਨੇ ਪੁਸ਼ਟੀ ਕੀਤੀ ਹੈ ਕਿ ਉੱਤਰੀ ਕੋਰੀਆ ਨੇ ਉਸ ਧਮਕਾਇਆ ਹੈ। ਉਸ ਨੇ ਇਹ ਵੀ ਕਿਹਾ ਕਿ ਦੱਖਣੀ ਕੋਰੀਆ ਯਕੀਨਨ ਏਸ਼ੀਆ ਦੇ ਸਭ ਤੋਂ ਜੀਵਤ ਲੋਕਤੰਤਰਾਂ ਵਿੱਚੋਂ ਹੈ ਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਸੁਤੰਤਰਤਾ ਨੂੰ ਰੋਕਣਾ ਨਿਰਾਸ਼ ਕਰਨ ਵਾਲੀ ਕਾਰਵਾਈ ਹੋਵੇਗੀ। ਸਰਕਾਰੀ ਬੁਲਾਰੇ ਨੇ ਕਿਹਾ ਕਿ ਕਾਰਜ ਕਰਤਾਵਾਂ ਦੀ ਇਸ ਕਾਰਵਾਈ ਨੂੰ ਉਤਰ ਕੋਰੀਆ ਆਪਣੇ ਉਪਰ ਹਮਲਾ ਨਾ ਮੰਨੇਮ ਉਹ ਕੋਸ਼ਿਸ਼ ਕਰਨਗੇ ਕਿ ਸੀਮਾ 'ਤੇ ਵਿਰੋਧ ਪ੍ਰਦਰਸ਼ਨਾਂ ਨੂੰ ਰੋਕਣ।

# ਘਰ ਵਿੱਚ ਰਹਿਣ ਵਾਲੇ ਲੋਕਾਂ ਲਈ ਵਿਟਾਮਿਨ-ਡੀ ਬਹੁਤ ਜ਼ਰੂਰੀ

ਨਿਊ ਯਾਰਕ, 7 ਜੂਨ (ਪੋਸਟ ਬਿਊਰੋ)- ਸਾਲ 1967 ਵਿੱਚ ਨਿਊ ਯਾਰਕ ਪੱਤ੍ਰਿਕਾ ਦੇ ਇੱਕ ਪੱਤਰਕਾਰ ਬਰਟਨ ਰੁਏਚੇ ਜਿਨ੍ਹਾਂ ਨੇ ਆਮ ਜਨਤਾ ਲਈ ਡਾਕਟਰੀ ਮੁੱਦਿਆਂ 'ਤੇ ਲਿਖਣ ਦਾ ਬੀੜਾ ਉਠਾਇਆ ਸੀ, ਨੇ ਇੱਕ ਐਸੇ ਵਿਅਕਤੀ ਦੇ ਬਾਰੇ ਲਿਖਿਆ ਸੀ, ਜਿਸ ਦੀ ਚਮੜੀ ਬੇਜਾਨ ਅਤੇ ਨਾਰੰਗੀ ਹੋ ਗਈ ਸੀ। ਓਦੋਂ ਅਲਾ-ਸਕਾ ਦਾ ਇੱਕ ਪਲੰਬਰ ਇਸ ਗੱਲ ਲਈ ਚਿੰਤਤ ਸੀ ਕਿ ਸੀਮਿਤ ਧੁੱਪ ਨੇ ਉਸ ਨੂੰ ਵਿਟਾਮਿਨ-ਡੀ ਤੋਂ ਵਾਂਝਾ ਕਰ ਦਿੱਤਾ ਹੈ। ਸੂਰਜ ਦੀ ਰੋਸ਼ਨੀ ਦੇ ਸੰਪਰਕ ਵਿੱਚ ਆਉਣ ਨਾਲ ਸਾਡੇ ਸਰੀਰ ਵਿੱਚ ਵਿਟ-ਾਮਿਨ-ਡੀ ਬਣਦਾ ਹੈ। ਗਾਜਰ ਵਿੱਚ ਵਿਟਾਮਿਨ-ਸੀ ਹੁੰਦਾ ਹੈ ਤੇ ਉਸ ਵਿਅਕਤੀ ਨੇ ਓਦੋਂ ਇੰਨੀਆਂ ਗਾਜਰਾਂ ਖਾਧੀਆਂ ਸਨ ਕਿ ਸਕਿਨ ਵਿੱਚ ਕੈਰੋਟੀਨ ਜਮ੍ਹਾ ਹੋ ਗਿਆ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਵਿਟਾਮਿਨ-ਡੀ ਦਾ ਸਰੀਰ ਲਈ ਕਿੰਨਾ ਮਹੱਤਵ ਹੈ। ਵਿਟਾਮਿਨ-ਡੀ ਖਾਸਕਰ ਘਰ ਰਹਿਣ ਵਾਲੇ ਲੋਕਾਂ ਲਈ ਬਹੁਤ ਜ਼ਰੂਰੀ ਹੈ। ਇਹ ਇਊਮਿਨ ਸਿਸਟਮ ਨੂੰ ਮਜ਼ਬੂਤ ਬਣਾਉਂਦਾ ਅਤੇ



ਕੋਵਿਡ-19 ਦੀ ਇਨਫੈਕਸ਼ਨ ਹੋਣ ਤੋਂ ਬਚਾਉਂਦਾ ਹੈ। ਚੀਨ, ਫਿਲੀਪੀਨਸ ਤੇ ਅਮਰੀਕਾ ਦੇ ਸਰਵੇਖਣਾਂ ਨੇ ਵੀ ਕੋਵਿਡ-19, ਵਿਟਾਮਿਨ-ਡੀ ਦੀ ਕਮੀ ਅਤੇ ਮੌਤਾਂ ਦੀ ਉਚੇ ਪੱਧਰ ਦੇ ਵਿੱਚ ਸੰਬੰਧ ਦਾ ਖੁਲਾਸਾ ਕੀਤਾ ਹੈ। ਕਮੀ ਦਾ ਸਬੂਤ ਇਹ ਹੈ ਕਿ ਕੋਵਿਡ-10 ਤੋਂ ਬਚਣ ਲਈ ਲੋਕ ਇਸ ਸਮੇਂ ਘਰਾਂ ਵਿੱਚ ਬੰਦ ਹਨ ਅਤੇ ਉਹ ਸੂਰਜ ਦੀ ਰੋਸ਼ਨੀ ਤੋਂ ਵਾਂਝੇ ਹਨ। ਇਸ ਦੀ ਵਜ੍ਹਾ ਨਾਲ ਉਨ੍ਹਾਂ ਵਿੱਚ ਵਿਟ-ਾਮਿਨ-ਡੀ ਦੀ ਕਮੀ ਦਾ ਡਰ ਵਧ ਗਿਆ ਹੈ। ਇਸ ਸਮੇਂ ਉਨ੍ਹਾਂ ਇਸ ਦੀ ਸਭ ਤੋਂ ਵੱਧ ਲੋੜ ਹੈ। ਕਿਉਂਕਿ ਵਿਟਾਮਿਨ-ਡੀ ਦੀ ਮੱਧਮ ਖੁਰਾਕ ਸਾਡਾ ਕੁਝ ਵੀ ਨੁਕਸਾਨ ਨਹੀਂ ਕਰ ਸਕਦੀ। ਇਸ ਦੀ ਜਾਣਕਾਰੀ ਮਿਸਰ ਨੇ ਪਹਿਲਾਂ ਹੀ ਇਸ ਨੂੰ ਕਵਾਰਾਂਟਾਈਨ ਹਸਪਤਾਲਾਂ ਵਿੱਚ ਦੇਣੀ ਸ਼ੁਰੂ ਕਰ ਦਿੱਤੀ ਹੈ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741



ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS


JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਫ਼ੌਜ ਵਿਚ ਆ ਕੇ ਪਤਾ ਲੱਗਿਆ ਨਸਲਵਾਦ ਕਿੰਨਾ ਖਤਰਨਾਕ ਹੋ ਸਕਦੈ : ਸੱਜਣ ਸਿੰਘ

...ਪੰਨਾ 1 ਦਾ ਬਾਕੀ

ਸੱਜਣ ਨੇ ਦੱਸਿਆ ਕਿ ਇੱਕ ਗਰਮੀਆਂ ਵਿੱਚ ਉਹ ਆਪਣੀ ਮਾਂ ਨਾਲ ਫਾਰਮ ਉੱਤੇ ਬੈਰੀਜ਼ ਤੋੜਦੇ ਸਨ। ਉਨ੍ਹਾਂ ਦੇ ਨਾਲ ਇੱਕ 20 ਸਾਲਾ ਵਿਅਕਤੀ ਵੀ ਕੰਮ ਕਰਦਾ ਸੀ ਜੋ ਬਹੁਤ ਮਜ਼ਾਕੀਆ ਸੀ। ਇੱਕ ਦਿਨ ਉਹ ਫਾਰਮ ਉੱਤੇ ਨਹੀਂ ਆਇਆ। ਬਾਅਦ ਵਿੱਚ ਪਤਾ ਲੱਗਿਆ ਕਿ ਉਸ ਉੱਤੇ ਇੱਕ ਪਾਰਕ ਵਿੱਚੋਂ ਲੰਘਦੇ ਸਮੇਂ ਹਮਲਾ ਹੋਇਆ ਤੇ ਉਹ ਮਾਰਿਆ ਗਿਆ। ਇਹ ਵੀ ਪਤਾ ਲੱਗਿਆ ਕਿ ਇਹ ਹਮਲਾ ਨਸਲ ਦੇ ਅਧਾਰ ਉੱਤੇ ਕੀਤਾ ਗਿਆ।

ਇਸ ਘਟਨਾ ਦਾ ਵੀ ਸੱਜਣ ਦੇ ਮਨ ਉੱਤੇ ਬੁਰਾ ਅਸਰ ਪਿਆ। ਹੁਣ ਜਦੋਂ ਸੱਜਣ ਵੱਡੇ ਮੁਕਾਮ ਉੱਤੇ ਪਹੁੰਚ ਚੁੱਕੇ ਹਨ ਤੇ ਦੇਸ਼ ਦੇ ਰੱਖਿਆ ਮੰਤਰੀ ਬਣ ਚੁੱਕੇ ਹਨ ਤਾਂ ਉਨ੍ਹਾਂ ਨੂੰ ਪਹਿਲਾਂ ਵਾਂਗ ਆਪਣੇ ਉੱਤੇ ਨਸਲੀ ਹਮਲੇ ਹੋਣ ਦਾ ਡਰ ਨਹੀਂ ਲੱਗਦਾ। ਪਰ ਇਸ ਤੋਂ ਇਹ ਮਤਲਬ ਨਹੀਂ ਕਿ ਉਨ੍ਹਾਂ ਦੀ ਜ਼ਿੰਦਗੀ ਵਿੱਚੋਂ ਨਸਲਵਾਦ ਮੁੱਕ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਆਪਣੇ ਬੇਟੇ ਨੂੰ ਜਦੋਂ ਉਹ ਸਕੂਲ ਛੱਡਣ ਗਏ ਤਾਂ ਦੂਜੇ ਲੜਕੇ ਨੇ ਉਸ ਦੀ ਪੱਗ ਦਾ ਮਜ਼ਾਕ ਉਡਾਇਆ। ਸੱਜਣ ਨੇ ਆਖਿਆ ਕਿ ਬਚਪਨ ਵਿੱਚ ਜਿਸ ਤਰ੍ਹਾਂ ਅਜਿਹੀਆਂ ਗੱਲਾਂ ਸੁਣ ਕੇ ਉਨ੍ਹਾਂ ਨੂੰ ਗੁੱਸਾ ਚੜ੍ਹਦਾ ਸੀ ਉਨ੍ਹਾਂ ਦੇ ਬੇਟੇ ਨੂੰ ਨਹੀਂ ਚੜ੍ਹਿਆ। ਫਿਰ ਉਹ ਆਪਣੇ ਬੇਟੇ ਦੀ ਕਲਾਸ ਵਿੱਚ ਗਏ ਤੇ ਉਨ੍ਹਾਂ ਆਪਣੀ ਪੱਗ ਲਾਹ ਕੇ ਬੱਚਿਆਂ ਨੂੰ ਆਪਣੇ ਕੇਸ ਵਿਖਾਏ ਤੇ ਦੱਸਿਆ ਕਿ ਅਸੀਂ ਪੱਗ ਕਿਉਂ ਬੰਨ੍ਹਦੇ ਹਾਂ ਤੇ ਇਹ ਸਾਡੇ ਲਈ ਕਿਉਂ ਜ਼ਰੂਰੀ ਹੈ। ਫਿਰ ਉੱਥੇ ਹੀ ਉਨ੍ਹਾਂ ਦੁਬਾਰਾ ਪਗ ਬੰਨ੍ਹੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਓਨਟਾਰੀਓ ਵਿੱਚ ਕਰੋਨਾਵਾਇਰਸ ਦੇ 415 ਨਵੇਂ ਮਾਮਲੇ ਆਏ ਸਾਹਮਣੇ

...ਪੰਨਾ 1 ਦਾ ਬਾਕੀ

ਪਬਲਿਕ ਹੈਲਥ ਓਨਟਾਰੀਓ ਦੀ ਰਿਪੋਰਟ ਅਨੁਸਾਰ ਇਨ੍ਹਾਂ ਮੌਤਾਂ ਵਿੱਚੋਂ 1557 ਲਾਂਗ ਟਰਮ ਕੇਅਰ ਵਿੱਚ ਹੋਈਆਂ ਜਦਕਿ ਲਾਂਗ ਟਰਮ ਕੇਅਰ ਮੰਤਰਾਲੇ ਅਨੁਸਾਰ ਲਾਂਗ ਟਰਮ ਕੇਅਰ ਹੋਮਜ਼ ਵਿੱਚ 1719 ਲੋਕ ਮਾਰੇ ਗਏ। ਪ੍ਰੋਵਿੰਸ ਵਿੱਚ ਇਸ ਸਮੇਂ ਕੋਵਿਡ-19 ਦੇ 30617 ਮਾਮਲੇ ਹਨ ਜਿਨ੍ਹਾਂ ਵਿੱਚੋਂ 79.2 ਫੀ ਸਦੀ ਲੋਕ ਠੀਕ ਹੋ ਚੁੱਕੇ ਹਨ। 67 ਫੀ ਸਦੀ ਤੋਂ ਵੀ ਵੱਧ ਮਾਮਲੇ ਜੀਟੀਏ ਨਾਲ ਸਬੰਧਤ ਹਨ। ਅੱਜ ਟੋਰਾਂਟੋ ਪਬਲਿਕ ਹੈਲਥ ਵੱਲੋਂ ਕੋਵਿਡ-19 ਦੇ 362 ਨਵੇਂ ਮਾਮਲਿਆਂ ਦੀ ਜਾਣਕਾਰੀ ਦਿੱਤੀ ਗਈ। ਇੱਕ ਦਿਨ ਪਹਿਲਾਂ ਨਾਲੋਂ ਇਨ੍ਹਾਂ ਮਾਮਲਿਆਂ ਵਿੱਚ 2.9 ਫੀ ਸਦੀ ਦਾ ਵਾਧਾ ਰਿਕਾਰਡ ਕੀਤਾ ਗਿਆ ਹੈ।

# ਯੂ ਪੀ ਵਿੱਚ ਸੜਕ ਹਾਦਸੇ ਵਿੱਚ ਇੱਕੋ ਘਰ ਦੇ ਨੌਂ ਜੀਆਂ ਦੀ ਮੌਤ

ਪ੍ਰਤਾਪਗੜ੍ਹ, 7 ਜੂਨ (ਪੋਸਟ ਬਿਊਰੋ)- ਉਤਰ ਪ੍ਰਦੇਸ਼ 'ਚ ਕੱਲ੍ਹ ਕੰਟੇਨਰ ਅਤੇ ਸਕਾਰਪੀਉ ਦੀ ਆਹਮੋ-ਸਾਹਮਣੀ ਟੱਕਰ 'ਚ ਇੱਕ ਹੀ ਪਰਵਾਰ ਦੇ ਨੌਂ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਨੌਜਵਾਨ ਜ਼ਖ਼ਮੀ ਹੋ ਗਿਆ।

ਪੁਲਸ ਡਿਪਟੀ ਸੁਪਰਡੈਂਟ ਕੁੰਡਾ ਰਾਧੇਸ਼ਾਮ ਮੌਰੀਆ ਨੇ ਦੱਸਿਆ ਕਿ ਰਾਜਸਥਾਨ ਦੇ ਰਿਵਾੜੀ ਤੋਂ ਇੱਕ ਪਰਵਾਰ ਦੇ 10 ਲੋਕ ਸਕਾਰਪੀਉ 'ਚ ਸਵਾਰ ਹੋ ਕੇ ਬਿਹਾਰ ਦੇ ਭੋਜਪੁਰ ਜਾ ਰਹੇ ਸਨ ਕਿ ਥਾਣਾ ਨਵਾਬਗੰਜ ਹੇਠ ਲਖਨਊ ਪ੍ਰਯਾਗਰਾਜ ਹਾਈਵੇ ਉੱਤੇ ਕੰਟੇਨਰ ਟਰੱਕ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ। ਇਸ ਮੌਕੇ ਦੋ ਬੱਚਿਆਂ, ਤਿੰਨ ਔਰਤਾਂ ਅਤੇ ਚਾਰ ਪੁਰਸ਼ਾਂ ਸਮੇਤ ਨੌਂ ਲੋਕਾਂ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਬੰਟੀ (35) ਨਾਂ ਦਾ ਨੌਜਵਾਨ ਗੰਭੀਰ ਜ਼ਖ਼ਮੀ ਹੈ। ਜ਼ਖ਼ਮੀ ਨੂੰ ਇਲਾਜ ਲਈ ਰਾਏਬਰੇਲੀ ਭੇਜਿਆ ਗਿਆ। ਉਨ੍ਹਾਂ ਦੱਸਿਆ ਕਿ ਪਰਵਾਰ ਵਾਲਿਆਂ ਨੂੰ ਸੂਚਿਤ ਕੀਤਾ ਗਿਆ ਹੈ ਤੇ ਉਹ ਜਦੋਂ ਆਉਣਗੇ ਤਾਂ ਪੀੜਤਾਂ ਦੀ ਪਛਾਣ ਹੋ ਸਕਦੀ ਹੈ। ਹਾਦਸੇ ਤੋਂ ਬਾਅਦ ਕੰਟੇਨਰ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ।


# ਓਨਟਾਰੀਓ ਦੇ ਵੁੱਡਬ੍ਰਿਜ ਲਾਂਗ ਟਰਮ ਕੇਅਰ ਹੋਮ ਵਿੱਚ ਵੀ ਫੌਜ ਤਾਇਨਾਤ

...ਪੰਨਾ 1 ਦਾ ਬਾਕੀ

ਇਹ ਖੁਲਾਸਾ ਪ੍ਰੋਵਿੰਸ ਵੱਲੋਂ ਇੱਕ ਨਿਊਜ਼ ਰਲੀਜ਼ ਵਿੱਚ ਬੀਤੇ ਦਿਨੀ ਕੀਤਾ ਗਿਆ। ਪਿਛਲੇ ਵੀਕੈਂਡ 18 ਰੈਜ਼ੀਡੈਂਟਸ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਹਸਪਤਾਲ ਭੇਜ ਦਿੱਤੇ ਗਏ। ਹੋਮ ਦੇ ਆਪਰੇਟਰ ਸਿਏਨਾ ਸੀਨੀਅਰ ਲਿਵਿੰਗ ਨੇ ਉਸ ਸਮੇਂ ਇਹ ਆਖਿਆ ਸੀ ਕਿ ਇਨ੍ਹਾਂ ਬਜ਼ੁਰਗਾਂ ਨੂੰ ਹੋਮ ਵਿੱਚ ਮੁਹੱਈਆ ਕਰਵਾਈ ਜਾਣ ਵਾਲੀ ਸਾਂਭ ਸੰਭਾਲ ਤੋਂ ਜ਼ਿਆਦਾ ਦੀ ਲੋੜ ਹੈ।

ਬਜ਼ੁਰਗਾਂ ਨੂੰ ਟਰਾਂਸਫਰ ਕਰਨ ਤੋਂ ਬਾਅਦ ਐਸਈਆਈਯੂ ਹੈਲਥਕੇਅਰ, ਜੋ ਕਿ ਦੇਸ਼ ਭਰ ਵਿੱਚ ਹਜ਼ਾਰਾਂ ਹੈਲਥ ਕੇਅਰ ਵਰਕਰਜ਼ ਦੀ ਨੁਮਾਇੰਦਗੀ ਕਰਦੀ ਹੈ, ਵੱਲੋਂ ਸਰਕਾਰ ਨੂੰ ਦਖਲ ਦੇਣ ਦੀ ਮੰਗ ਕੀਤੀ ਗਈ। ਯੂਨੀਅਨ ਵੱਲੋਂ ਆਖਿਆ ਗਿਆ ਕਿ ਉਨ੍ਹਾਂ ਦੇ ਮੈਂਬਰਾਂ ਨੇ ਫੈਸਿਲਿਟੀ ਬਾਰੇ ਗੰਭੀਰ ਚਿੰਤਾ ਪ੍ਰਗਟਾਈ ਹੈ ਤੇ ਸੰਕਟ ਦੀ ਇਸ ਘੜੀ ਵਿੱਚ ਉਨ੍ਹਾਂ ਦਾ ਯਕੀਨ ਮੈਨੇਜਮੈਂਟ ਤੋਂ ਉੱਠ ਗਿਆ ਹੈ। ਜਦੋਂ ਤੋਂ ਆਊਟਬ੍ਰੇਕ ਹੋਇਆ ਹੈ ਉਦੋਂ ਤੋਂ 102 ਰੈਜ਼ੀਡੈਂਟਸ ਨੂੰ ਕਰੋਨਾਵਾਇਰਸ ਹੋ ਚੁੱਕਿਆ ਹੈ ਤੇ ਇਨ੍ਹਾਂ ਵਿੱਚੋਂ 22 ਰੈਜ਼ੀਡੈਂਟਸ ਦੀ ਮੌਤ ਹੋ ਚੁੱਕੀ ਹੈ। ਇਸ ਤੋਂ ਇਲਾਵਾ 40 ਸਟਾਫ ਮੈਂਬਰਜ਼ ਵੀ ਕੋਵਿਡ-19 ਪਾਜ਼ੀਟਿਵ ਆਏ ਹਨ।

ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783



A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976






BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr. Brampton, ON L6S 5X8



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

ਕਾਮਿਆਂ ਦੀ ਲੋੜ
ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637




PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com




ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8



FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।



FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।



SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।



NEED A LAWYER ??
KAUR LAW OFFICE
Red Seal NOTARY
REAL ESTATE LAWYER
● Residential & Commercial
● Sale/Purchase of House
● Mortgage & Refinancing
● Drafting/Reviewing Agreements
● Title Transfer
● 2nd Mortgage
IMMIGRATION
Skilled Worker Category
Spousal & Family Sponsorship
● Student Permits Visa & Renewals
● PR Renewal/ Citizenship Application
FAMILY LAWYER
● Child & Spousal support
● Custody & Access
● Divorce
● Equalization
BUSINESS LAW
● Incorporation & Shareholder agreements
● Sales & Purchase of Assets & Shares
● Notarization & Affidavits
WILLS & ESTATE
● Wills
● Certificate of Estate Trustee with/without Will
● Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4





# ਕੋਰੋਨਾ ਦੇ ਸ਼ਿਕੰਜੇ ਵਿੱਚੋਂ ਨਿਕਲਣ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਦੀ ਮੋਰਚੇਬੰਦੀ ਸ਼ੁਰੂ



ਜਤਿੰਦਰ ਪੰਨੂ

ਕੋਰੋਨਾ ਵਾਇਰਸ ਦੀ ਬਿਮਾਰੀ ਰੋਕਣ ਲਈ ਲਾਏ ਲਾਕਡਾਊਨ ਤੇ ਕਰਫਿਊ ਦੀਆਂ ਪਾਬੰਦੀਆਂ ਤੋਂ ਭਾਰਤ ਥੋੜ੍ਹਾ-ਥੋੜ੍ਹਾ ਨਿਕਲਣਾ ਸ਼ੁਰੂ ਹੋ ਚੁੱਕਾ ਹੈ। ਕੁਝ ਕੰਮ ਕਰਨ ਦੀ ਖੁੱਲ੍ਹ ਮਿਲ ਗਈ ਅਤੇ ਇਨਾਂ ਦੇ ਅਸਰ ਦੀ ਉਡੀਕ ਇਸ ਲਈ ਹੋ ਰਹੀ ਹੈ ਕਿ ਕੁਝ ਹੋਰ ਕੰਮ ਇਸ ਤੋਂ ਬਾਅਦ ਚਾਲੂ ਕੀਤੇ ਜਾ ਸਕਣ। ਸਥਿਤੀ ਦਾ ਦੂਜਾ ਪੱਖ ਵੇਖਿਆਂ ਇਹ ਜਾਪਦਾ ਹੈ ਕਿ ਇਹ ਸਾਰੀ ਢਿੱਲ ਵੇਲੇ ਤੋਂ ਪਹਿਲਾਂ ਦਿੱਤੀ ਜਾ ਰਹੀ ਹੈ। ਮਾਰਚ ਵਿੱਚ ਇਹ ਪਾਬੰਦੀਆਂ ਲਾਏ ਜਾਣ ਦੇ ਵਕਤ ਤੱਕ ਭਾਰਤ ਵਿੱਚ ਇਸ ਬਿਮਾਰੀ ਦਾ ਬਹੁਤਾ ਅਸਰ ਨਹੀਂ ਸੀ ਦਿਖਾਈ ਦੇਂਦਾ। ਅੱਜ ਕੋਰੋਨਾ ਦੇ ਕੇਸਾਂ ਦੀ ਵਧੀ ਗਿਣਤੀ ਵਾਲੇ ਪੱਖ ਤੋਂ ਸੰਸਾਰ ਵਿੱਚ ਭਾਰਤ ਛੇਵੇਂ ਥਾਂ ਲਿਖਿਆ ਪਿਆ ਹੈ ਤੇ ਅਗਲੇ ਹਫਤੇ ਤੱਕ ਚੌਥੇ ਥਾਂ ਆਉਣ ਦੇ ਆਸਾਰ ਜਾਪਦੇ ਹਨ। ਮੌਤਾਂ ਦੇ ਪੱਖ ਤੋਂ ਭਾਰਤ ਇਸ ਵੇਲੇ ਗਿਆਰਵੇਂ ਥਾਂ ਹੈ, ਪਰ ਜੇ ਮਹਾਰਾਸ਼ਟਰ ਤੇ ਗੁਜਰਾਤ ਵਿੱਚ ਮੌਤਾਂ ਦਾ ਸਿਲਸਿਲਾ ਏਦਾਂ ਹੀ ਜਾਰੀ ਰਿਹਾ ਤਾਂ ਭਾਰਤ ਇਸ ਪੱਖੋਂ ਵੀ ਦੂਜਿਆਂ ਨੂੰ ਪਿੱਛੇ ਛੱਡ ਸਕਦਾ ਹੈ। ਭਾਰਤੀ ਪ੍ਰੰਪਰਾ ਵਿੱਚ ਕੁਦਰਤੀ ਕਹਿਰ ਨਾਲ ਇੱਕ ਵੀ ਮੌਤ ਹੋਣ ਦਾ ਡਾਢਾ ਅਫਸੋਸ ਕੀਤਾ ਜਾਂਦਾ ਹੈ, ਹਰ ਕਿਸੇ ਦੀ ਸੁੱਖ ਮੰਗਣ ਵਾਲੀ ਏਸੇ ਰਿਵਾਇਤ ਦੇ ਮੁਤਾਬਕ ਅਸੀਂ ਸੁੱਖ ਮੰਗਾਂਗੇ ਕਿ ਮੌਤਾਂ ਦੀ ਗਿਣਤੀ ਹੋਰ ਨਾ ਵਧੇ, ਪਰ ਆਸਾਰ ਹਾਲੇ ਰੁਕਣ ਵਾਲੇ ਨਹੀਂ ਦਿੱਸਦੇ।

ਐਨ ਓਦੋਂ, ਜਦੋਂ ਦੇਸ਼ ਹਾਲੇ ਇਸ ਮਹਾਮਾਰੀ ਦੇ ਸ਼ਿਕੰਜੇ ਵਿੱਚੋਂ ਨਹੀਂ ਨਿਕਲਿਆ, ਭਾਰਤ ਦੀ ਰਾਜਨੀਤੀ ਆਪਣੇ ਚੋਣਾਂ ਲੜਨ ਦੇ ਕੁਚੱਜੇ ਸ਼ੌਂਕ ਵੱਲ ਤੇਜ਼ੀ ਨਾਲ ਮੋੜਾ ਕੱਟਣ ਲੱਗ ਪਈ ਹੈ। ਬਿਹਾਰ ਦੀਆਂ ਚੋਣਾਂ ਹੋਰ ਚਾਰ ਮਹੀਨਿਆਂ ਤੱਕ ਹੋਣੀਆਂ ਬਣਦੀਆਂ ਹਨ ਅਤੇ ਲੱਗਦਾ ਨਹੀਂ ਕਿ ਅੱਗੇ ਪਾਈਆਂ ਜਾਣਗੀਆਂ, ਕਿਉਂਕਿ ਲੀਡਰਾਂ ਨੂੰ ਕੋਰੋਨਾ ਨਾਲੋਂ ਚੋਣਾਂ ਵੱਧ ਖਿੱਚ ਪਾਉਂਦੀਆਂ ਹਨ ਅਤੇ ਛੇ ਮਹੀਨਿਆਂ ਨੂੰ ਅਗਲਾ ਸਾਲ ਚੜ੍ਹਦੇ ਸਾਰ ਪੱਛਮੀ ਬੰਗਾਲ, ਕੇਰਲਾ, ਤਾਮਿਲ ਨਾਡੂ, ਅਸਾਮ ਤੇ ਪਾਂਡੀਚੇਰੀ ਦੀਆਂ ਚੋਣਾਂ ਪਹਿਲੇ ਪੰਜ ਮਹੀਨਿਆਂ ਵਿੱਚ ਹੋਣੀਆਂ ਬਣਦੀਆਂ ਹਨ। ਭਲਵਾਨ ਢੋਲ ਉੱਤੇ ਸੱਟ ਪਈ ਸੁਣਨ ਦੇ ਬਾਅਦ ਅਖਾੜੇ ਵਿੱਚ ਕੁੱਦਦੇ ਹਨ। ਸਿਆਸੀ ਆਗੂ ਅਗੇਤੇ ਹੀ ਮੈਦਾਨ ਵਿੱਚ ਨਿਕਲ ਤੁਰਦੇ ਹਨ।

ਸਾਡੇ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ ਹਾਲੇ ਇੱਕੀ ਮਹੀਨੇ ਰਹਿੰਦੇ ਹਨ, ਪਰ ਏਥੇ ਵੀ ਚੋਣਾਂ ਵਾਲੀ ਚਰਚਾ ਇਸ ਹਫਤੇ ਚੱਲ ਪਈ ਹੈ। ਇਸ ਵਾਰੀ ਚਰਚਾ ਇਸ ਖਬਰ ਤੋਂ ਚੱਲੀ ਹੈ ਕਿ ਕਾਂਗਰਸ ਦੇ ਰੁੱਸੇ ਹੋਏ ਵਿਧਾਇਕ ਨਵਜੋਤ ਸਿੰਘ ਦੇ ਆਮ ਆਦਮੀ ਪਾਰਟੀ ਵਿੱਚ ਜਾਣ ਦੀ ਸੰਭਾਵਨਾ ਹੈ। ਖਬਰ ਕਹਿੰਦੀ ਹੈ ਕਿ ਕੋਈ 'ਪੀ ਕੇ' ਨਾਂਅ ਦਾ ਬੰਦਾ ਉਸ ਦਾ ਦੂਤ ਬਣ ਕੇ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ ਮਿਲਿਆ ਤੇ ਇਸ ਬਾਰੇ ਗੱਲ ਚਲਾਈ ਹੈ। ਕੇਜਰੀਵਾਲ ਨੇ ਇਸ ਮਿਲਣੀ ਦੀ ਪੁਸ਼ਟੀ ਕੀਤੇ ਬਗੈਰ ਇਹ ਆਖ ਛੱਡਿਆ ਹੈ ਕਿ ਨਵਜੋਤ ਸਿੰਘ ਸਿੱਧੂ ਸਾਡੇ ਨਾਲ ਆਵੇ ਤਾਂ ਅਸੀਂ ਸਵਾਗਤ ਕਰਾਂਗੇ, ਪਰ ਪੰਜਾਬ ਦੀ ਪਾਰਟੀ ਦੇ ਆਗੂਆਂ ਦਾ ਇਹ ਕਹਿਣਾ ਹੈ ਕਿ ਕੋਈ ਬੰਦਾ ਮਿਲਣ ਜ਼ਰੂਰ ਗਿਆ ਸੀ, ਕੇਜਰੀਵਾਲ ਨੇ ਹੁੰਗਾਰਾ ਭਰਨ ਦੀ ਥਾਂ ਪੰਜਾਬ ਦੀ ਲੀਡਰਸ਼ਿਪ ਨੂੰ ਮਿਲਣ ਲਈ ਕਹਿ ਕੇ ਤੋਰ ਦਿੱਤਾ ਹੈ। ਨਵਜੋਤ ਸਿੰਘ ਸਿੱਧੂ ਆਪ ਅਜੇ ਇਸ ਬਾਰੇ ਬੋਲਿਆ ਨਹੀਂ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਸਿੱਧੂ ਸਾਡਾ ਹੈ, ਸਾਡੇ ਨਾਲ ਹੀ ਰਹੇਗਾ। ਫਿਰ ਵੀ ਇਹ ਚਰਚਾ ਰੁਕਦੀ ਨਹੀਂ ਕਿ ਨਵਜੋਤ ਸਿੰਘ ਸਿੱਧੂ ਆਮ ਆਦਮੀ ਪਾਰਟੀ ਵਿੱਚ ਜਾਵੇਗਾ ਕਿ ਕਾਂਗਰਸ ਵਿੱਚ ਰਹੇਗਾ। ਇੱਕ ਖਬਰ ਵਿੱਚ ਇਹ ਵੀ ਕਿਸੇ ਪਾਸੇ ਤੋਂ ਚੱਲੀ ਹੈ ਕਿ ਸਿੱਧੂ ਨੇ ਕਾਂਗਰਸ ਦੇ ਨਾਲ ਰਹਿਣਾ ਨਹੀਂ, ਆਮ ਆਦਮੀ ਪਾਰਟੀ ਵੱਲ ਵੀ ਜਾਣਾ ਨਹੀਂ, ਸਗੋਂ ਉਹ ਭਾਜਪਾ ਨਾਲ ਪੁਰਾਣੀ ਸਾਂਝ ਦੀਆਂ ਕੜੀਆਂ ਜੋੜਨ ਲੱਗਾ ਹੈ ਤੇ ਓਧਰ ਜਾ ਸਕਦਾ ਹੈ। ਸ਼ਾਇਦ ਇਹ ਵੱਡੀ ਗੱਪ ਮਾਰੀ ਗਈ ਹੈ।

ਜਿਵੇਂ ਅਸੀਂ ਦੱਸਿਆ ਹੈ ਕਿ ਚਰਚਾ ਵਿੱਚ ਕਿਸੇ 'ਪੀ ਕੇ' ਦਾ ਨਾਂਅ ਵੱਜ ਰਿਹਾ ਹੈ ਕਿ ਉਹ ਨਵਜੋਤ ਸਿੰਘ ਸਿੱਧੂ ਵੱਲੋਂ ਅਰਵਿੰਦ ਕੇਜਰੀਵਾਲ ਨੂੰ ਮਿਲਣ ਲਈ ਗਿਆ ਸੀ, ਇਸ ਕਾਰਨ ਫਿਰ 'ਪੀ ਕੇ' ਬਾਰੇ ਵੀ ਕੁਝ ਚਰਚਾ ਚੱਲ ਪਈ ਹੈ। ਉਸ ਦੇ ਪਿਛੋਕੜ ਵਿੱਚ ਕਿਸੇ ਦੀ ਦਿਲਚਸਪੀ ਨਹੀਂ, ਪਰ ਇਹ ਗੱਲ ਸਭ ਨੂੰ ਪਤਾ ਹੈ ਕਿ ਨਰਿੰਦਰ ਮੋਦੀ ਨੇ ਜਦੋਂ ਦਿੱਲੀ ਵਾਲੀ ਵੱਡੀ ਕੁਰਸੀ ਵੱਲ ਦੌੜ ਲਾਉਣੀ ਸੀ, ਉਸ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਪ੍ਰਚਾਰ ਮੁਹਿੰਮ ਇੱਕ ਪ੍ਰਸ਼ਾਂਤ ਕਿਸ਼ੋਰ ਨੂੰ ਸੌਂਪੀ ਗਈ ਸੀ, ਜਿਸ ਨੂੰ ਨਾਂਅ ਦੇ ਮੁੱਢਲੇ ਅੱਖਰਾਂ ਮੁਤਾਬਕ 'ਪੀ ਕੇ' ਕਿਹਾ ਜਾਂਦਾ ਹੈ। ਅਗਲੇ ਮੌਕਿਆਂ ਉੱਤੇ ਉਹ ਬਿਹਾਰ ਦੇ ਨਿਤੀਸ਼ ਕੁਮਾਰ ਲਈ ਵੀ ਕਿਰਾਏ ਦਾ ਕਾਰਿੰਦਾ ਬਣਿਆ ਸੀ, ਪੰਜਾਬ ਵਿੱਚ ਕਾਂਗਰਸ ਲਈ ਵੀ ਉਸ ਨੇ ਤਿੰਨ ਸਾਲ ਪਹਿਲਾਂ ਕੰਮ ਕੀਤਾ ਸੀ ਤੇ ਹਾਲੇ ਚਾਰ ਮਹੀਨੇ ਪਹਿਲਾਂ ਅਰਵਿੰਦ ਕੇਜਰੀਵਾਲ ਦੀ ਚੋਣ ਮੁਹਿੰਮ ਦੀ ਕਮਾਨ ਵੀ ਸੰਭਾਲ ਚੁੱਕਾ ਹੈ। ਜਿੱਤਣ ਵਾਲੀ ਧਿਰ ਦਾ ਅਗੇਤਾ ਅੰਦਾਜ਼ਾ ਲਾ ਕੇ ਉਸ ਨਾਲ ਜੁੜਨ ਦਾ ਮਾਹਰ 'ਪੀ ਕੇ' ਕਦੋਂ ਕਿਸੇ ਨਾਲ ਜੁੜ ਸਕਦਾ ਤੇ ਕਿਸ ਨੂੰ ਛੱਡ ਸਕਦਾ ਹੈ, ਕਿਸੇ ਨੂੰ ਪਤਾ ਨਹੀਂ। ਅਰਵਿੰਦ ਕੇਜਰੀਵਾਲ ਦੇ ਨਾਲ ਉਸ ਦੇ ਸਿੱਧੇ ਸੰਬੰਧ ਹੋਣ ਕਰ ਕੇ ਇਹ ਗੱਲ ਲੋਕਾਂ ਵਿੱਚ ਚਲੀ ਗਈ ਕਿ ਨਵਜੋਤ ਸਿੰਘ ਸਿੱਧੂ ਬਾਰੇ ਗੱਲ ਕਰਨ ਲਈ ਉਹੀ ਕੇਜਰੀਵਾਲ ਨੂੰ ਮਿਲਣ ਗਿਆ ਹੋਵੇਗਾ, ਪਰ ਇਸ ਚੱਕਰ ਵਿੱਚ ਇਸ ਵਾਰੀ ਇੱਕ ਹੋਰ 'ਪੀ ਕੇ' ਦਾ ਨਾਂਅ ਵੱਜਦਾ ਸੁਣਨ ਨੂੰ ਮਿਲਿਆ ਹੈ। ਇਹ ਦੂਸਰਾ 'ਪੀ ਕੇ' ਕੋਈ ਗੈਰ-ਸਿਆਸੀ ਬੰਦਾ ਦੱਸਿਆ ਜਾਂਦਾ ਹੈ। ਰਾਜੀਵ ਗਾਂਧੀ ਦੇ ਵਕਤ ਤੋਂ ਕਈ ਵਾਰੀ ਪੱਤਰਕਾਰ ਅਤੇ ਗੈਰ-ਸਿਆਸੀ ਲੋਕ ਜਾਂ ਸਾਧ-ਸੰਤ ਇਹੋ ਜਿਹੇ ਵਕਤ ਰਾਜਨੀਤੀ ਵਿੱਚ ਦਖਲ ਦੇਂਦੇ ਤੇ ਏਦਾਂ ਸਿਆਸੀ ਸਮਝੌਤਾ ਕਰਵਾ ਕੇ ਆਪਣਾ ਹਲਵਾ-ਮੰਡਾ ਕਰਦੇ ਰਹੇ ਹਨ। ਇਸ ਵਾਰੀ ਇਹ ਨਵਾਂ 'ਪੀ ਕੇ' ਪੰਜਾਬ ਦੀ ਸਿਆ-ਸਤ ਵਿੱਚ ਲੱਤ ਅੜਾਉਂਦਾ ਸੁਣਿਆ ਜਾ ਰਿਹਾ ਹੈ। ਉਹ ਹੈ ਕੌਣ ਅਤੇ ਕਿਸ ਦੇ ਕਹਿਣ ਉੱਤੇ ਏਦਾਂ ਦਾ ਬੀੜਾ ਚੁੱਕ ਤੁਰਿਆ ਹੈ, ਇਹ ਤਾਂ ਪਤਾ ਨਹੀਂ, ਪਰ ਉਸ ਦੀ ਸਰਗਰਮੀ ਨੇ ਪੰਜਾਬ ਦੀਆਂ ਚੋਣਾਂ ਲਈ ਚੱਕਾ ਵਾਹਵਾ ਅਗੇਤਾ ਗੇੜ ਦਿੱਤਾ ਹੈ।




ਜਦੋਂ ਹਾਲੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇੱਕੀ ਮਹੀਨੇ ਬਾਕੀ ਹਨ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰੈੱਸ ਕਾਨਫਰੰਸ ਵਿੱਚ ਐਲਾਨ ਕਰ ਦਿੱਤਾ ਹੈ ਕਿ ਉਹ ਅਗਲੀਆਂ ਵਿਧਾਨ ਸਭਾ ਚੋਣਾਂ ਲੜਨ ਲਈ ਤਿਆਰ ਹਨ ਤੇ ਅਗਵਾਈ ਕਰਨਗੇ। ਇਹੀ ਨਹੀਂ, ਅਗਲੀ ਗੱਲ ਇਹ ਕਿ ਕੇਂਦਰ ਦੀ ਕਾਂਗਰਸ ਲੀਡਰਸ਼ਿਪ ਬਿਨਾਂ ਸ਼ੱਕ ਪ੍ਰਸ਼ਾਂਤ ਕਿਸ਼ੋਰ, ਪੀ ਕੇ, ਨਾਲ ਖੁਸ਼ ਨਹੀਂ ਦੱਸੀ ਜਾਂਦੀ, ਕੈਪਟਨ ਅਮਰਿੰਦਰ ਸਿੰਘ ਨੇ ਅਗਲੀਆਂ ਚੋਣਾਂ ਵਾਸਤੇ ਫਿਰ ਉਸ ਦੀ ਸੇਵਾਵਾਂ ਲੈਣ ਦਾ ਵੀ ਇਸ਼ਾਰਾ ਕਰ ਦਿੱਤਾ ਹੈ। ਇਸ ਤੋਂ ਕਈ ਲੋਕ ਇਹ ਸੋਚ ਰਹੇ ਹਨ ਕਿ 'ਪੀ ਕੇ' ਦੋਵੀਂ ਹੱਥੂ ਲੱਡੂ ਫੜੀ ਬੈਠਾ ਹੈ, ਚੋਣਾਂ ਨੇੜੇ ਜਾ ਕੇ ਵੇਖੇਗਾ, ਜੇ ਕਾਂਗਰਸ ਦੇ ਤਿਲਾਂ ਵਿੱਚ ਤੇਲ ਦਿੱਸ ਪਿਆ ਤਾਂ ਇਸ ਨਾਲ ਜੁੜਨ ਦਾ ਰਾਹ ਖੁੱਲ੍ਹਾ ਹੈ ਤੇ ਜੇ ਏਧਰ ਗੱਲ ਨਾ ਬਣੀ ਤਾਂ ਆਮ ਆਦਮੀ ਪਾਰਟੀ ਨਾਲ ਕੁੰਡੀ ਪਾਈ ਹੋਈ ਹੈ। ਅੰਦਰੋਂ ਉਸ ਦੇ ਭਾਜਪਾ ਨਾਲ ਪੁਰਾਣੀ ਤਾਰ ਦੋਬਾਰਾ ਜੋੜਨ ਦੇ ਵੀ ਚਰਚੇ ਹਨ, ਪਰ ਉਹ ਖੁਦ ਕੁਝ ਨਹੀਂ ਬੋਲਦਾ, ਇਸ ਲਈ ਹਰ ਕਿਸੇ ਨੂੰ ਅੰਦਾਜ਼ੇ ਲਾਉਣ ਦੀ ਖੁੱਲ੍ਹ ਹੈ। ਕਾਂਗਰਸ ਦੇ ਅੰਦਰਲਾ ਇੱਕ ਬਾਗੀ ਗਰੁੱਪ ਇਸ ਵਕਤ ਹਾਈ ਕਮਾਨ ਦੇ ਆਸ਼ੀਰਵਾਦ ਨਾਲ ਪੰਜਾਬ ਦੇ ਮੁੱਖ ਮੰਤਰੀ ਨੂੰ ਅਗਲੀਆਂ ਚੋਣਾਂ ਤੋਂ ਪਹਿਲਾਂ ਕੋਈ ਝਟਕਾ ਦੇਣ ਲਈ ਵੀ ਸਰਗਰਮ ਹੋਇਆ ਪਿਆ ਹੈ।

ਦੂਸਰੇ ਪਾਸੇ ਅਕਾਲੀ ਦਲ ਇਸ ਲਈ ਕੁਝ ਮੁਸ਼ਕਲ ਵਿੱਚ ਹੈ ਕਿ ਕੇਂਦਰ ਸਰਕਾਰ ਦੀ ਇੱਕ ਵਜ਼ੀਰੀ ਦੇ ਲਿਹਾਜ਼ ਕਾਰਨ ਉਹ ਬੋਲਣ ਜੋਗੇ ਨਹੀਂ ਤੇ ਕੇਂਦਰ ਸਰਕਾਰ ਪੰਜਾਬ ਤੇ ਅਕਾਲੀਆਂ ਦਾ ਆਧਾਰ ਗਿਣੇ ਜਾਂਦੇ ਕਿਸਾਨ ਭਾਈਚਾਰੇ ਦੇ ਖਿਲਾਫ ਇੱਕ ਪਿੱਛੋਂ ਦੂਸਰਾ ਕਦਮ ਚੁੱਕੀ ਜਾਂਦੀ ਹੈ। ਪਿਛਲੇ ਦਿਨੀਂ ਜਿਹੜਾ ਫੈਸਲਾ ਹਰ ਰਾਜ ਦੀ ਮੰਡੀ ਵਿੱਚ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਦੀ ਖੁੱਲ੍ਹ ਦੇਣ ਵਾਲਾ ਕਿਹਾ ਗਿਆ ਸੀ, ਉਸ ਨਾਲ ਪੰਜਾਬ ਦੇ ਕਿਸਾਨਾਂ ਵਿੱਚ ਚੋਖੀ ਨਾਰਾਜ਼ਗੀ ਹੈ, ਕਿਉਂਕਿ ਕਿਸਾਨ ਕਿਸੇ ਹੋਰ ਰਾਜ ਵਿੱਚ ਜਾ ਕੇ ਫਸਲ ਵੇਚਣ ਜੋਗੇ ਕਦੇ ਹੁੰਦੇ ਨਹੀਂ ਤੇ ਮੰਡੀਆਂ ਵਾਲਾ ਅਜੋਕਾ ਪ੍ਰਬੰਧ ਵੀ ਉਨ੍ਹਾਂ ਦੀ ਪਹੁੰਚ ਤੋਂ ਨਿਕਲ ਸਕਦਾ ਹੈ। ਸਭ ਕਿਸਾਨ ਜਥੇਬੰਦੀਆਂ ਨੇ ਜਦੋਂ ਇਸ ਦਾ ਵਿਰੋਧ ਕੀਤਾ ਤਾਂ ਇਸ ਵਿਰੋਧ ਨੂੰ ਵੇਖ ਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਖੁਦ ਮੀਡੀਆ ਸਾਹਮਣੇ ਜਾ ਕੇ ਇਹ ਗੱਲ ਕਹਿਣੀ ਪਈ ਹੈ ਕਿ ਉਹ ਕਿਸਾਨ-ਹਿੱਤਾਂ ਲਈ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਹਨ। ਉਹ ਪਹਿਲਾਂ ਚਾਰ ਦਿਨ ਤੱਕ ਬੋਲੇ ਨਹੀਂ ਸਨ ਤੇ ਹਰ ਪਾਸੇ ਅਕਾਲੀ ਦਲ ਦੀ ਨੁਕਤਾਚੀਨੀ ਹੁੰਦੀ ਵੇਖਣ ਦੇ ਬਾਅਦ ਕੁਰਬਾਨੀਆਂ ਦੀ ਕਹਾਣੀ ਇਸ ਲਈ ਪਾਉਣੀ ਪਈ ਹੈ ਕਿ ਆਮ ਲੋਕਾਂ ਵਿੱਚ ਜਾਣਾ ਔਖਾ ਮਹਿਸੂਸ ਜਾਪਦਾ ਸੀ। ਫਿਰ ਵੀ ਉਹ ਅਜੋਕੇ ਹਾਲਾਤ ਨੂੰ ਚੰਗੀ ਤਰ੍ਹਾਂ ਵੇਖਦੇ ਹੋਏ ਭਾਜਪਾ ਦੇ ਆਸਰੇ ਬਿਨਾਂ ਖੁਦ ਕਿਸੇ ਚੋਣ ਵਿੱਚ ਕੁੱਦਣ ਜੋਗੇ ਨਾ ਹੋਣ ਕਰ ਕੇ ਏਥੇ ਬਿਆਨ ਜਿਹੋ ਜਿਹੇ ਵੀ ਦੇ ਲੈਣ, ਕੇਂਦਰ ਵਿੱਚ ਨਰਿੰਦਰ ਮੋਦੀ ਸਰਕਾਰ ਦੇ ਕਿਸੇ ਫੈਸਲੇ ਦਾ ਸਿੱਧਾ ਵਿਰੋਧ ਕਰਨ ਦੀ ਹਿੰਮਤ ਨਹੀਂ ਕਰ ਸਕਦੇ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਲੋਕ ਜਦੋਂ ਸਵੇਰੇ ਉੱਠ ਕੇ ਰੋਜ਼ ਇਹ ਖਬਰਾਂ ਧਿਆਨ ਨਾਲ ਪੜ੍ਹਦੇ ਹਨ ਕਿ ਦੇਸ਼ ਵਿੱਚ ਕੇਸ ਕਿੰਨੇ ਕੁ ਹੋਰ ਵਧ ਗਏ ਹਨ ਤੇ ਮੌਤਾਂ ਕਿੱਥੇ ਕਿੰਨੀਆਂ ਹੋਰ ਹੋਈਆਂ ਹਨ, ਸਿਆਸੀ ਆਗੂ ਇੱਕੀ ਮਹੀਨੇ ਦੂਰ ਦੀਆਂ ਚੋਣਾਂ ਬਾਰੇ ਕਮਰਕੱਸੇ ਕਰੀ ਫਿਰਦੇ ਹਨ। ਸਿਆਸਤ ਦੇ ਅਸਲੀ ਜੀਨ ਦਾ ਪਤਾ ਏਥੋਂ ਹੀ ਲੱਗਦਾ ਹੈ। ਇਹ ਵਕਤ ਅਜੇ ਭਾਰਤ ਤੇ ਪੰਜਾਬ ਨੂੰ ਕੋਰੋਨਾ ਤੋਂ ਬਚਾਉਣ ਦਾ ਹੈ। ਲੀਡਰਾਂ ਨੂੰ ਇਸ ਵੇਲੇ ਵੀ ਚੋਣਾਂ ਦੀ ਕਾਹਲੀ ਪਈ ਹੈ।

# ਰੌਂਅ ਠੀਕ ਹੋਣ ਵਿੱਚ ਭਲਾ ਕੀ ਲਗਦੈ..

-ਕਰਨੈਲ ਸਿੰਘ ਸੋਮਲ

ਲੰਮੇ ਸਮੇਂ ਤੀਕ ਘਰ ਅੰਦਰ ਰਹਿਣ ਦੀ ਮਜ਼ਬੂਰੀ ਸੀ। ਸੰਸਾਰ ਦੇ ਸਮਾਚਾਰ ਪੜ੍ਹਦਿਆਂ-ਸੁਣਦਿਆਂ ਅਤੇ ਬਾਹਰ ਪੱਸਰੇ ਸੰਨਾਟੇ ਨੂੰ ਭਾਂਪਦਿਆਂ ਭਾਵਕ ਦਸ਼ਾ ਵੀ ਦਹਿਲਣ ਵਾਲੀ ਬਣ ਜਾਂਦੀ। ਤਦ ਆਪਣੀ ਰੌਂਅ ਠੀਕ ਕਰਨ ਲਈ ਜੁਗਤਾਂ ਟਟੋਲਣ ਦਾ ਖ਼ਿਆਲ ਆਉਣ ਲੱਗਿਆ। ਸੋਚਿਆ, ਜੋ ਆਪਣੇ ਵੱਸ ਵਿੱਚ ਹੈ, ਉਹ ਤਾਂ ਕੀਤਾ ਜਾਵੇ।

ਸਵਖਤੇ ਉਠਣ ਦੀ ਆਦਤ ਬੜੀ ਰਾਸ ਆਈ। ਸੁਬ੍ਹਾ ਚਾਰ ਵਜੇ ਉਠਿਆ। ਘਰ ਦੇ ਸਾਹਮਣੇ ਸੜਕ ਪਾਰ ਬਿਰਛਾਂ ਤੋਂ ਚਿੜੀਆਂ ਦੀ ਮਹੀਨ 'ਚੂਹ ਚੂਹ' ਸੁਣਾਈ ਦਿੱਤੀ। ਵਾਹ! ਇਹ ਨਿੱਕੇ ਪੰਛੀ ਰਾਤ ਮੁੱਕਣ ਤੇ ਸੋਹਣੀ ਸਵੇਰ ਦੇ ਆਉਣ ਦੀ ਸੂਹ ਚਹਿਚਹਾ ਕੇ ਦੇ ਰਹੇ ਹਨ। ਅੱਜ ਹੀ ਨਹੀਂ, ਜੁਗੜਿਆਂ ਤੋਂ ਇਹ ਸਿਲਸਿਲਾ ਚੱਲਦਾ ਆ ਰਿਹਾ ਹੈ। ਅੰਮ੍ਰਿਤ ਵੇਲੇ ਦੇ ਸੁਆਗਤ ਲਈ ਇਸ ਸੰਗੀਤ ਤੋਂ ਵਧੀਆ ਤਰੀਕਾ ਹੋਰ ਕੀ ਹੋ ਸਕਦਾ ਹੈ।

ਉਪਰ ਅਸਮਾਨ ਵੱਲ ਨਜ਼ਰ ਮਾਰੀ, ਜਿਵੇਂ ਮਨੁੱਖ ਸੋਝੀ ਆਉਣ ਤੋਂ ਪਿੱਛੋਂ ਸਦਾ ਝਾਤ ਮਾਰਦਾ ਰਿਹਾ ਹੈ। ਕੁਦਰਤ ਦੇ ਮਿਜ਼ਾਜ ਤੇ ਮਨੁੱਖ ਦੀ ਰੌਂਅ ਸਦਾ ਕੰਘੜੀ ਪਾ ਕੇ ਤੁਰਦੀਆਂ ਆਈਆਂ ਹਨ। ਦੇਖਿਆ, ਆਕਾਸ਼ ਵਿੱਚ ਤਾਰੇ ਟਿਮਟਿਮਾ ਰਹੇ ਸਨ। ਜੁਗ ਬਦਲਦੇ ਗਏ, ਇਹ ਤਾਰੇ ਨ੍ਹੇਰਿਆਂ ਵਿੱਚ ਜੁਗਨੂੰਆਂ ਵਾਂਗ ਜਗਮਗ ਜਗਮਗ ਕਰਦੇ ਰਹੇ ਹਨ। ਰਾਤਾਂ ਦੇ ਪਿਆਰੇ ਦ੍ਰਿਸ਼ ਸਿਰਜਣ ਵਿੱਚ ਇਨ੍ਹਾਂ ਦਾ ਕੋਈ ਸਾਨੀ ਨਹੀਂ।

ਸਮੀਰ ਵਗ ਰਹੀ ਸੀ-ਜਿਵੇਂ ਕੋਈ ਬੰਨੇ ਨੂੰ ਵਾ ਝੱਲ ਰਹੀ ਹੋਵੇ। ਤਦੇ ਕੋਇਲ ਦੀ ਅਤਿ ਸੁਰੀਲੀ ਆਵਾਜ਼ ਸਾਝਰੇ ਦੇ ਇਸ ਵਾਤਾਵਰਨ ਨੂੰ ਹੋਰ ਕੀਲਵਾਂ ਬਣਾਉਣ ਲੱਗੀ। ਇੰਨੇ ਨੂੰ ਹੋਰ ਪੰਛੀਆਂ ਦੀਆਂ ਵੰਨ-ਸਵੰਨੀਆਂ ਆਵਾਜ਼ਾਂ ਵੀ ਕੰਨਾਂ ਵਿੱਚ ਪੈਣ ਲੱਗੀਆਂ। ਬੂਹਿਓਂ ਬਾਹਰ ਨਿਕਲ ਕੇ ਚਾਰ ਕਦਮ ਪੁੱਟੇ, ਕਿਸੇ ਦੇ ਘਰ ਦੇ ਬਾਹਰ ਕਈ ਭਾਂਤ ਦੇ ਫੁੱਲਾਂ ਦੇ ਬੂਟੇ ਲਾਏ ਹੋਏ ਦਿੱਸ ਪਏ। ਅਗਲੇ ਨੇ ਆਪਣੀ ਸੁਹਜ-ਬਿਰਤੀ ਨੂੰ ਤ੍ਰਿਪਤਾਉਣ ਲਈ ਇਨ੍ਹਾਂ ਬੂਟਿਆਂ ਨੂੰ ਪਾਲਣ ਦੀ ਖੇਚਲ ਕੀਤੀ ਹੋਣੀ ਹੈ।

ਨਿੰਮ੍ਹਾ ਨਿੰਮ੍ਹਾ ਚਾਨਣ ਹੋ ਰਿਹਾ ਸੀ। ਇਸ ਹਲਕੀ ਲੋਅ ਵਿੱਚ ਇੱਕ ਹੋਰ ਬਿਰਛ ਵੱਲ ਨਜ਼ਰ ਗਈ। ਕੁਝ ਅਰਸਾ ਪਹਿਲਾਂ ਇਹ ਪਤਝੜ ਰੁੱਤੇ ਆਪਣਾ ਪੁਰਾਣਾ ਛਿੱਦਿਆ ਪਹਿਰਨ ਉਤਾਰ ਕੇ ਨਵਾਂ ਪਹਿਨਣ ਲਈ ਤਿਆਰ ਸੀ। ਉਸ ਦੀਆਂ ਦੂਰੋਂ ਸੱਖਣੀਆਂ ਜਾਪਦੀਆਂ ਟਹਿਣੀਆਂ ਉਤੇ ਕਰੂੰਬਲਾਂ ਲਰਜ਼ਦੀਆਂ ਦਿੱਸੀਆਂ। ਲੁਸ ਲੁਸ ਕਰਦੀਆਂ ਪੱਤੀਆਂ ਤੋਂ ਊਸ਼ਾ ਦਾ ਨੂਰ ਜਾਣੋਂ ਤਿਲ੍ਹਕ ਤਿਲ੍ਹਕ ਪੈ ਰਿਹਾ ਸੀ। ਇਸ ਦੌਰਾਨ ਵੱਡੇ ਬਿਰਛ ਦੇ ਸਿਖਰ ਉਤੇ ਇਸ ਦੀਆਂ ਨਰਮ ਟਹਿਣੀਆਂ ਹੋਰ ਉਚਾ ਉਠਣ ਦੇ ਚਾਉ ਵਿੱਚ ਨ੍ਰਿਤ ਕਰਦੀਆਂ ਨਜ਼ਰੀ ਪਈਆਂ। ਇਨ੍ਹਾਂ ਉਤੇ ਪਹਿਲਾਂ ਨਿੱਕੇ ਪੰਛੀ ਬੈਠ ਕੇ ਗਏ ਸਨ। ਫਿਰ ਬਾਜ਼ ਜਿਹਾ ਵੱਡਾ ਪੰਛੀ ਆ ਬੈਠਾ। ਉਹ ਲਿਫਦੀ ਜਾਪਦੀ ਸਭ ਤੋਂ ਉਚੀ ਟਹਿਣੀ ਉਤੇ ਗ਼ਜ਼ਬ ਦਾ ਸੰਤੁਲਨ ਬਣਾ ਕੇ ਬੈਠ ਗਿਆ। ਉਹ ਇਸ ਉਚਾਈ ਤੋਂ ਸ਼ਾਇਦ ਆਪਣਾ ਸ਼ਿਕਾਰ ਲੱਭ ਰਿਹਾ ਹੋਣੈ।

ਇਹ ਨਜ਼ਾਰੇ ਤੱਕਦਿਆਂ ਮੈਂ ਬਹੁਤ ਹਲਕਾ, ਪ੍ਰਸੰਨ ਤੇ ਉਤਸ਼ਾਹ ਵਿੱਚ ਮਹਿਸੂਸ ਕਰਨ ਲੱਗਿਆ। ਫਿਰ ਸਮੇਂ ਸਮੇਂ ਅਜ਼ਮਾਈਆਂ ਹੋਰ ਕਈ ਜੁਗਤਾਂ ਜ਼ਿਹਨ 'ਚ ਆਉਣੀਆਂ ਸ਼ੁਰੂ ਹੋਈਆਂ, ਮਸਲਨ, ਮਿਜ਼ਾਜ ਠੀਕ ਨਾ ਹੋਵੇ ਤਾਂ ਕੋਈ ਕੰਮ ਕਰਨ ਲੱਗ ਜਾਣਾ, ਕੋਈ ਚੰਗੀ ਕਿਤਾਬ ਪੜ੍ਹਨ ਲਈ ਚੁੱਕ ਲੈਣੀ, ਕੁਝ ਲਿਖਣ ਦਾ ਯਤਨ ਕਰਨਾ। ਹੋਰ ਨਹੀਂ ਤਾਂ ਚੁਫੇਰੇ ਧੜਕਦੀ ਜ਼ਿੰਦਗੀ ਦੇ ਦਿਲਕਸ਼ ਚਿਤਰ ਚੇਤੇ ਵਿੱਚ ਸੰਭਾਲ ਲੈਣੇ। ਕਦੇ ਕਦੇ ਬੀਤ ਗਈ ਆਉਧ ਵਿੱਚੋਂ ਪਿਆਰੇ ਅਨੁਭਵਾਂ ਨੂੰ ਯਾਦ ਕਰਨ ਦਾ ਆਨੰਦ ਲੈਣਾ। ਜ਼ਿੰਦਗੀ ਵਿੱਚ ਸਬੱਬੀਂ ਮਿਲੇ ਸ਼ਾਨਦਾਰ ਇਨਸਾਨਾਂ ਨੂੰ ਵਧੀਆ ਪੁਸਤਕ ਵਾਂਗ ਮੁੜ ਮੁੜ ਪੜ੍ਹਨ ਜਾ ਯਤਨ ਕਰਨਾ। ਫਿਰ ਕਦੇ ਭਿੱਤ ਵਿੱਚੋਂ ਬਾਹਰ ਝਾਕਣਾ ਅਤੇ ਕਦੇ ਆਪਣੇ ਅੰਦਰ ਝਾਤ ਮਾਰ ਲੈਣੀ। ਜਦੋਂ ਵੀ ਚਿੱਤ ਕਰੇ, ਤੁਰ ਪੈਣਾ, ਜੇ ਬਾਹਰ ਨਹੀਂ ਤਾਂ ਘਰ ਦੇ ਅੰਦਰ ਹੀ। ਨਾਲੇ ਹੈਰਾਨ ਹੋਈ ਜਾਣਾ ਕਿ ਲਾਟੂ ਵਾਂਗ ਹਰ ਵਕਤ ਘੁੰਮਦੀ ਰਹਿੰਦੀ ਧਰਤੀ ਉਤੇ ਚੱਲਣਾ ਕਿੰਨੇ ਕਮਾਲ ਦੀ ਗੱਲ ਹੈ।

ਇਹ ਤਾਂ ਆਪਣੇ ਆਪ ਨਾਲ ਵਿਚਰਨ ਦੀ ਗੱਲ ਹੈ। ਘਰਦਿਆਂ ਨਾਲ ਮਿਲ ਕੇ ਕੰਮ ਕਰਨਾ, ਫ਼ੁਰਸਤ ਦੇ ਪਲ ਟੱਬਰ ਵਿੱਚ ਬਿਤਾਉਣੇ। ਕਦੇ ਬੱਚਿਆਂ ਵਾਂਗ ਨਿੱਕੀ ਨਿੱਕੀ ਗੱਲ ਉਤੇ ਖਿੜ ਖਿੜ ਹੱਸ ਪੈਣਾ। ਜੀਅ ਨਾ ਲੱਗਣ ਦਾ ਫਿਰ ਕੋਈ ਝੰਜਟ ਨਹੀਂ ਰਹਿੰਦਾ। ਬੰਦਾ ਉਡੂੰ ਉਡੂੰ ਜੋ ਕਰਨ ਲੱਗਦਾ ਹੈ। ਇਵੇਂ ਰੌਂਅ ਨੂੰ ਰਾਹ ਤੇ ਲਿਆਉਣਾ ਵਾਲ ਵਾਹੁਣ ਤੇ ਕੱਪੜੇ ਦੇ ਵਲ ਕੱਢਣ ਜਿਹਾ ਹੀ ਤਾਂ ਹੋਇਆ।

# ਇੱਕ 'ਅਣਕਿਆਸੀ' ਦੁਨੀਆਂ ਵੱਲ ਵਧ ਰਹੀ ਸਿਆਸਤ

-ਕਲਿਆਣੀ ਸ਼ੰਕਰ-

ਕੋਵਿਡ-19 ਮਹਾਮਾਰੀ ਨੇ ਦੁਨੀਆ 'ਚ ਸਿਆਸਤ ਸਮੇਤ ਹਰ ਚੀਜ਼ ਦੀ ਸਰਗਰਮੀ ਬਦਲ ਦਿੱਤੀ ਹੈ। ਅੱਜ ਇਹ ਜ਼ਿੰਦਗੀ ਦੇ ਸਾਰੇ ਖੇਤਰਾਂ ਤੇ ਹਰ ਕਿਸਮ ਦੇ ਸਰੋਤਾਂ ਨੂੰ ਚੁਣੌਤੀ ਪੇਸ਼ ਕਰ ਰਹੀ ਹੈ। ਮਾਹਿਰ ਕਹਿੰਦੇ ਹਨ ਕਿ ਸਾਨੂੰ ਵਾਇਰਸ ਦੇ ਨਾਲ ਜਿਊਣਾ ਚਾਹੀਦਾ ਹੈ ਤਾਂ ਭਾਰਤ ਵਿੱਚ ਸਿਆਸੀ ਵਿਵਸਥਾ ਕਿਵੇਂ ਬਦਲੇਗੀ ਅਤੇ ਕੀ ਇਹ ਬਿਹਤਰ ਭਵਿੱਖ ਲਈ ਹੋਵੇਗਾ? ਕੋਰੋਨਾ ਵਾਇਰਸ ਦੇ ਕਹਿਰ ਮਗਰੋਂ ਵਧੇਰੇ ਸਿਆਸੀ ਸਰਗਰਮੀਆਂ ਨੇ ਇੱਕ ਕਦਮ ਪਿਛੇ ਹਟਾ ਲਿਆ ਹੈ ਕਿਉਂਕਿ ਇਨ੍ਹਾਂ ਸਾਰਿਆਂ ਦਾ ਧਿਆਨ ਵਾਇਰਸ 'ਤੇ ਹੀ ਕੇਂਦਰਿਤ ਸੀ। ਸਿਆਸੀ ਸਾਰ 'ਚ ਮੌਲਿਕ ਤਬਦੀਲੀ ਹੋ ਸਕਦੀ ਹੈ। ਕੁਝ ਉਪਾਵਾਂ ਤੋਂ ਸਪੱਸ਼ਟ ਹੈ ਕਿ ਸਮਾਜਿਕ ਦੂਰੀ, ਮਾਸਕ ਪਹਿ-ਨਣਾ, ਅਕਸਰ ਹੱਥ ਧੋਣਾ, ਭੀੜ ਭਰੇ ਸਥਾਨਾਂ ਤੋਂ ਬਚਣਾ ਅਤੇ ਧਾਰਮਿਕ ਥਾਵਾਂ 'ਤੇ ਵੱਡੀ ਗਿਣਤੀ 'ਚ ਇਕੱਠੇ ਹੋਣਾ ਜਾਰੀ ਰਹਿਣ ਦੀ ਸੰਭਾਵਨਾ ਹੈ। ਓਧਰ ਸਿਆਸੀ ਪਾਰਟੀਆਂ ਨੂੰ ਡਿਜੀਟਲ ਪਲੇਟਫਾਰਮ, ਵੀਡੀਓ ਮੀਟਿੰਗ ਆਦਿ ਵਰਗੇ ਨਵੇਂ ਇੰਟਰਫੇਸ ਮਿਲ ਗਏ ਹਨ।

ਸਿਆਸੀ ਪਾਰਟੀਆਂ ਸਾਲ 2019 ਦੀਆਂ ਚੋਣਾਂ ਤੋਂ ਪਹਿਲਾਂ ਹੀ ਪੋਸਟਰ, ਪੰਫਲਿਟਸ, ਫਲਾਇਰਜ਼ ਅਤੇ ਡੋਰ ਟੂ ਡੋਰ ਕੰਪੇਨ ਤੋਂ ਲੈ ਕੇ ਡਿਜੀਟਲ ਜੰਗ ਤੱਕ ਦੇ ਰਵਾਇਤੀ ਤਰੀਕਿਆਂ ਤੋਂ ਦੂਰ ਜਾ ਚੁੱਕੀਆਂ ਹਨ। ਅੱਜ ਅਸਲ ਬੈਠਕਾਂ ਦੀ ਥਾਂ ਅਣਕਿਆਸੇ ਪਲੇਟਫਾਰਮ ਵਾਲੀ ਹੈ। ਲਾਕਡਾਊਨ ਦੇ ਬਾਅਦ ਸਰਕਾਰ ਅਤੇ ਵਧੇਰੇ ਸਿਆਸੀ ਪਾਰਟੀਆਂ ਨੇ ਇਸ ਨੂੰ ਅਪਣਾ ਲਿਆ ਹੈ। ਉਹ ਦਿਨ ਲੱਦ ਚੁੱਕੇ ਹਨ ਜਦੋਂ ਨੇਤਾ ਲੋਕ ਲੱਖਾਂ ਲੋਕਾਂ ਦੇ ਸਾਹਮਣੇ ਆਪਣੀ ਛਾਤੀ ਪਿੱਟ ਕੇ ਉਨ੍ਹਾਂ ਦਾ ਦਮ ਭਰਦੇ ਸਨ, ਜੋ ਉਨ੍ਹਾਂ ਨੂੰ ਸਭਾਵਾਂ 'ਚ ਸੁਣਨ ਆਉਂਦੇ ਸਨ। ਅੱਜ ਸਾਰੀਆਂ ਸਰਗਰਮੀਆਂ ਪਾਬੰਦੀਸ਼ੁਦਾ ਹੋ ਚੁੱਕੀਆਂ ਹਨ ਅਤੇ ਨੇਤਾਵਾਂ ਨੂੰ ਪਬਲਿਕ ਦੇ ਨਾਲ ਸਬੰਧ ਬਣਾਉਣ ਲਈ ਨਵੇਂ ਤਰੀਕਿਆਂ 'ਤੇ ਨਿਰਭਰ ਹੋਣਾ ਪਵੇਗਾ।

ਸਾਰੀਆਂ ਸਿਆਸੀ ਪਾਰਟੀਆਂ ਇਸ ਗੱਲ 'ਤੇ ਸਹਿਮਤ ਹਨ ਕਿ ਡਿਜੀਟਲ ਮੋਡ ਇੱਕ ਨਵਾਂ ਬਦਲ ਹੈ। ਭਾਜਪਾ ਤਾਂ 2014 ਤੋਂ ਹੀ ਡਿਜੀਟਲ ਪਲੇਟਫਾਰਮ ਦੀ ਵਰਤੋਂ ਕਰ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਡੀ ਗਿਣਤੀ 'ਚ ਲੋਕਾਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਜੁੜ ਚੁੱਕੇ ਹਨ। ਪਾਰਟੀ ਨੇ ਆਪਣੇ ਲਾਭ ਲਈ ਨਵੇਂ ਮਾਧਿਅਮ ਦੀ ਵਰਤੋਂ ਕੀਤੀ ਤੇ ਵੋਟਰਾਂ ਦੀਆਂ ਡਿਜੀਟਲ ਫਾਈਲਾਂ ਅਤੇ ਉਨ੍ਹਾਂ ਦੇ ਮੋਬਾਈਲ ਨੰਬਰ ਤਿਆਰ ਕੀਤੇ ਹਨ ਜਿਸ ਨਾਲ ਵੋਟਰਾਂ ਤੱਕ ਪਹੁੰਚਣਾ ਬੜਾ ਸੌਖਾ ਕੰਮ ਹੋ ਜਾਵੇਗਾ। ਭਾਜਪਾ ਦੇ ਕੋਲ ਸਾਰੀਆਂ 543 ਲੋਕ ਸਭਾ ਸੀਟਾਂ ਦੇ ਅੰਕੜੇ ਹਨ।

ਬਦਲੀਆਂ ਹੋਈਆਂ ਹਾਲਤਾਂ 'ਚ ਭਾਜਪਾ ਵੋਟਰਾਂ ਨਾਲ ਛੋਟੀਆਂ ਬੈਠਕਾਂ ਅਤੇ ਡਿਜੀਟਲ ਗੱਲਬਾਤ ਦੀ ਯੋਜਨਾ ਬਣਾ ਰਹੀ ਹੈ। ਅਗਲੀਆਂ ਗਰਮੀਆਂ ਵਿੱਚ ਤਾਮਿਲ ਨਾਡੂ, ਕੇਰਲ, ਪੱਛਮੀ ਬੰਗਾਲ ਤੇ ਆਸਾਮ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਬਿਹਾਰ 'ਚ ਇਸ ਸਾਲ ਨਵੰਬਰ 'ਚ ਹੋਣੀਆਂ ਹਨ। ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਮੇਰੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਨਵੀਂ ਸਥਿਤੀ ਦਾ ਸਾਹਮਣਾ ਕਰਨ ਨੂੰ ਤਿਆਰ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਪਹਿਲਾਂ ਤੋਂ ਹੀ ਡਿਜੀਟਲ ਪਲੇਟਫਾਰਮ ਦੀ ਵਰਤੋਂ ਕਰਦੇ ਆ ਰਹੇ ਹਾਂ। ਮਹਾਮਾਰੀ ਦੇ ਦੌਰਾਨ ਮੁਹਿੰਮ ਲਈ ਕਈ ਨਵੀਆਂ ਚੀਜ਼ਾਂ ਦੇ ਬਾਰੇ ਸੋਚਿਆ ਜਾ ਰਿਹਾ ਹੈ। ਯਕੀਨਨ ਤੌਰ 'ਤੇ ਅਸੀਂ ਅਣਕਿਆਸੀਆਂ ਰੈਲੀਆਂ ਦੀ ਵਰਤੋਂ ਕਰਾਂਗੇ।

ਡਿਜੀਟਲ ਪਹੁੰਚ ਵਿੱਚ ਭਾਜਪਾ ਨੂੰ ਪਛਾੜਨ 'ਚ ਕਾਂਗਰਸ ਵੀ ਪਿਛੇ ਨਹੀਂ। ਕਾਂਗਰਸ ਦੇ ਮੀਡੀਆ ਦੇ ਮੁੱਖ ਬੁਲਾਰੇ ਰਣਦੀਪ ਸੂਰਜੇਵਾਲਾ ਦੇ ਅਨੁਸ-ਾਰ ਪਾਰਟੀ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਅਗਵਾਈ 'ਚ 'ਸਪੀਕ ਅਪ ਇੰਡੀਆ' ਮੁਹਿੰਮ ਵਿੱਚ ਸਿਰਫ ਇੱਕ ਦਿਨ 'ਚ ਲਗੱਭਗ 10 ਕਰੋੜ ਅਣਕਿਆਸੇ ਸੰਪਰਕ ਕੀਤੇ ਹਨ, ਜੋ ਲਾਕਡਾਊਨ ਨਾਲ ਪੀੜਤ ਲੋਕਾਂ ਦਾ ਸਮਰਥਨ ਹਾਸਲ ਕਰਨ ਲਈ ਕੀਤਾ ਗਿਆ ਸੀ। ਇਹ ਅਸਲ 'ਚ ਵਿਸ਼ਵ ਰਿਕਾਰਡ ਹੈ। ਉਹ ਦਾਅਵਾ ਕਰਦੇ ਹਨ ਕਿ ਅਸੀਂ ਖੁਦ ਨੂੰ ਨਵੀਂ ਸਥਿਤੀ ਅਨੁਸਾਰ ਢਾਲ ਲਿਆ ਹੈ। ਕਾਂਗਰਸ ਪਾਰਟੀ ਨੇ ਆਪਣੇ ਨੇਤਾਵਾਂ, ਅਹੁਦੇਦਾਰ, ਅਖਿਲ ਭਾਰਤੀ ਕਾਂਗਰਸ ਕਮੇਟੀ ਦੇ ਅਹੁਦੇਦਾਰ ਅਤੇ ਜ਼ਿਲ੍ਹਾ ਪੱਧਰ ਦੇ ਵਰਕਰਾਂ ਨੂੰ ਲਗੱਭਗ 50 ਲੱਖ ਦੀ ਗਿਣਤੀ 'ਚ ਸ਼ਾਮਲ ਕੀਤਾ ਹੈ।

ਵੀਡੀਓ ਪ੍ਰੈੱਸ ਕਾਨਫਰੰਸ ਕਰਨ ਲਈ ਕਾਂਗਰਸ 'ਜ਼ੂਮਐਪ' ਦੀ ਵਰਤੋਂ ਕਰਦੀ ਹੈ। ਇਸ ਦੀ ਵਰਤੋਂ ਨਾਲ ਰਾਹੁਲ ਗਾਂਧੀ ਨੇ ਵੱਡੇ ਅਰਥ ਸ਼ਾਸਤਰੀਆਂ ਦੇ ਨਾਲ ਕਾਨਫਰੰਸ ਕੀਤੀ ਸੀ। ਕਾਂਗਰਸ ਦਾ ਮੰਨਣਾ ਹੈ ਕਿ ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮ ਆਉਣ ਵਾਲੀਆਂ ਚੋਣਾਂ 'ਚ ਵੱਡੀ ਭੂਮਿਕਾ ਨਿਭਾਉਣਗੇ।

ਹੋਰ ਧਿਰਾਂ ਵੀ ਸਹਿਮਤ ਹਨ ਕਿ ਡਿਜੀਟਲ ਇੰਟਰਐਕਸ਼ਨ ਭਵਿੱਖ ਹੋਵੇਗਾ। ਸੀ ਪੀ ਐੱਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਦੱਸਦੇ ਹਨ ਕਿ ਅੱਜ ਲਗੱਭਗ ਹਰ ਪਾਰਟੀ ਆਨਲਾਈਨ 'ਤੇ ਮੌਜੂਦ ਹਨ। ਖੱਬੇ ਪੱਖੀ ਆਪਣੇ ਕੈਡਰ ਅਤੇ ਲੋਕ ਸੰਗਠਨਾਂ ਦੇ ਰਾਹੀਂ ਲੋਕਾਂ ਤੱਕ ਪਹੁੰਚ ਰਹੇ ਹਨ। ਤ੍ਰਿਣਮੂਲ ਕਾਂਗਰਸ ਦੇ ਨੇਤਾ ਦਿਨੇਸ਼ ਤ੍ਰਿਵੇਦੀ ਨੂੰ ਲੱਗਦਾ ਹੈ ਕਿ ਭਵਿੱਖ ਦੀ ਮੁਹਿੰਮ ਸੋਸ਼ਲ ਮੀਡੀਆ ਤੇ ਡਿਜੀਟਲ ਪਲੇਟਫਾਰਮ 'ਤੇ ਹੋਵੇਗੀ। ਸਾਬਕਾ ਵਿਦੇਸ਼ ਮੰਤਰੀ ਯਸ਼ਵੰਤ ਸਿਨ੍ਹਾ ਦਾ ਮੰਨਣਾ ਹੈ ਕਿ ਆਉਂਦੇ ਸਮੇਂ 'ਚ ਸਿਆਸੀ ਰੂਪ ਨਾਲ ਡਿਜੀਟਲ ਸੰਚਾਰ 'ਤੇ ਬਹੁਤ ਜ਼ਿਆਦਾ ਨਿਰਭਰਤਾ ਹੋਵੇਗੀ। ਵਧੇਰੇ ਪਾਰਟੀਆਂ 'ਚ ਸਿਆਸੀ ਰਣਨੀਤੀਕਾਰ ਅਤੇ ਸੂਚਨਾ ਤਕਨਾਲੋਜੀ ਯੂਨਿਟ ਹਨ ਜੋ ਆਪਣੀ ਡਿਜੀਟਲ ਰਣਨੀਤੀ ਲਈ ਜ਼ਿੰਮੇਵਾਰ ਹਨ। ਚੋਣ ਕਮਿਸ਼ਨ ਨੂੰ ਨਵੀਂ ਚੁਣੌਤੀਆਂ ਨਾਲ ਨਜਿੱਠਣ ਲਈ ਤਿਆਰ ਰਹਿਣਾ ਚਾਹੀਦਾ ਹੈ। ਬਿਹਾਰ ਵਿਧਾਨ ਸਭਾ ਦੇ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਮੰਨਿਆ ਹੈ ਕਿ ਬਿਹਾਰ ਚੋਣ ਬਾਰੇ 'ਚ ਸੋਚਣਾ ਜਲਦਬਾਜ਼ੀ ਹੋਵੇਗੀ।

ਵਰਨਣ ਯੋਗ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਕਮਿਸ਼ਨ ਨੇ 80 ਸਾਲ ਦੀ ਉਮਰ ਤੋਂ ਉਪਰ ਵਾਲੇ ਸੀਨੀਅਰ ਨਾਗਰਿਕਾਂ ਅਤੇ ਹਥਿਆਰਬੰਦ ਬਲਾਂ ਆਦਿ ਲਈ ਪੋਸਟਲ ਬੈਲੇਟ ਦੇ ਰਾਹੀਂ ਵਿਵਸਥਾ ਕੀਤੀ ਸੀ। ਸੱਤਾ ਧਿਰ ਦੇ ਨਾਲ ਵਿਰੋਧੀ ਧਿਰ ਅਤੇ ਖੇਤਰੀ ਪਾਰਟੀਆਂ ਲਈ ਤੁਰੰਤ ਚੁਣੌਤੀ ਲੋਕਾਂ ਨੂੰ ਇਹ ਸਮਝਾਉਣ ਦੀ ਹੈ ਕਿ ਉਹ ਉਨ੍ਹਾਂ ਦੀ ਭਲਾਈ ਲਈ ਚਿੰਤਤ ਹਨ। ਇਹ ਉਹ ਸਥਾਨ ਹੈ ਜਿਥੇ ਚੰਗੀਆਂ-ਪੁਰਾਣੀਆਂ ਗ੍ਰਾਮ ਪੰਚ-ਾਇਤ ਅਤੇ ਬੂਥ ਪੱਧਰ ਦੀਆਂ ਕਮੇਟੀਆਂ ਆਉਂਦੀਆਂ ਹਨ। ਪਾਰਟੀਆਂ ਮੂਲ ਗੱਲਾਂ ਉੱਤੇ ਵਾਪਸ ਆ ਸਕਦੀਆਂ ਹਨ ਤੇ ਬੂਥ ਕਮੇਟੀਆਂ ਦੀ ਵਰਤੋਂ ਕਰਕੇ ਡਿਜੀਟਲ ਰੂਪ 'ਚ ਆਪਣੇ ਸੰਦੇਸ਼ਾਂ ਦਾ ਪ੍ਰਸਾਰ ਕਰ ਸਕਦੀਆਂ ਹਨ।

2022 ਤੱਕ ਭਾਰਤ ਦੇ 85.9 ਕਰੋੜ ਮੋਬਾਈਲ ਲੋਕਾਂ ਤੱਕ ਪਹੁੰਚਣ ਦੀ ਆਸ ਹੈ। ਸਿਆਸਤ ਪਹਿਲਾਂ ਤੋਂ ਹੀ ਇੱਕ ਅਣਕਿਆਸੀ ਦੁਨੀਆ ਵੱਲ ਵੱਧ ਰਹੀ ਹੈ ਅਤੇ ਕੋਵਿਡ ਮਹਾਮਾਰੀ ਨੇ ਇਸ ਨੂੰ ਹੋਰ ਤੇਜ਼ ਕਰ ਦਿੱਤਾ ਹੈ।

# ਆਲੂ ਖਾਣੇ

-ਸੱਤਦੀਪ ਗਿੱਲ

ਆਲੂ ਬਹੁਤ ਪਸੰਦ ਨੇ ਪੇਰੂਈ ਲੋਕਾਂ ਨੂੰ। ਹਾਂ ਜੀ ਆਲੂ! ਜਿਨ੍ਹਾਂ ਨੂੰ ਆਪਾਂ ਕੱਖ ਨਹੀਂ ਸਮਝਦੇ, ਉਹੀ ਆਲੂ।

ਜਦੋਂ ਵੀ 'ਆਲੂ' ਸ਼ਬਦ ਦਾ ਉਚਾਰਨ ਕਰਦਾ ਹਾਂ ਤਾਂ ਸਹਿਜ ਸੁਭਾਅ ਜਾਂ ਤਾਂ ਮਨ ਵਿੱਚ ਜਾਂ ਕਦੇ-ਕਦੇ ਬੁੱਲ੍ਹਾਂ 'ਤੇ ਨਾਲ 'ਖਾਣੇ' ਸ਼ਬਦ ਆ ਜਾਂਦਾ ਹੈ। 'ਆਲੂ ਖਾਣੇ'। ਵਾਂਗੌਗ ਦੇ ਸਭ ਤੋਂ ਮਸ਼ਹੂਰ ਚਿੱਤਰਾਂ ਵਿੱਚੋਂ ਇੱਕ। ਮੇਜ਼ ਦੁਆਲੇ ਬੈਠਾ ਇੱਕ ਕਿਸਾਨ ਪਰਵਾਰ। ਹਨੇਰੇ ਨੂੰ ਜ਼ਿਆਦਾ ਦੂਰ ਨਾ ਧੱਕਦੀ ਹੋਈ ਮੱਧਮ ਜਿਹੀ ਰੋਸ਼ਨੀ ਤੇ ਮੇਜ਼ ਉਤੇ ਪਏ ਆਲੂ। ਇੱਕ ਤਰ੍ਹਾਂ ਆਲੂ ਗਰੀਬਾਂ ਦਾ ਖਾਣਾ ਸੀ ਤੇ ਸ਼ਾਇਦ ਅੱਜ ਵੀ ਦੁਨੀਆ ਦੇ ਬਹੁਤੇ ਹਿੱਸਿਆਂ ਵਿੱਚ ਇਸੇ ਤਰ੍ਹਾਂ ਹੈ।

ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਤੋਂ ਲੈ ਕੇ ਚੌਥੇ ਦਹਾਕੇ ਦੇ ਅੰਤ ਤੱਕ ਚੱਲੇ ਆਰਥਿਕ ਮੰਦੇ ਦੌਰਾਨ ਆਲੂ ਤੇ ਹੌਟ ਡੌਗ ਤੋਂ ਬਣਨ ਵਾਲਾ 'ਫੌਰਿਅਨ'ਸਿਇਅਲ' ਮਤਲਬ ਕਿ 'ਗਰੀਬ ਵਿਅਕਤੀ ਦਾ ਖਾਣਾ' ਬਹੁਤ ਆਮ ਸੀ। ਪੇਰੂ ਆਉਣ ਤੋਂ ਪਹਿਲਾਂ ਜੇ ਆਲੂ ਬਾਰੇ ਕੋਈ ਪੁੱਛਦਾ ਤਾਂ ਦਿਮਾਗ ਵਿੱਚ ਬੰਗਾਲੀ ਹੀ ਆਉਂਦੇ, ਜੋ ਬਿਰਿਆਨੀ ਵਿੱਚ ਵੀ ਆਲੂ ਪਾਉਣਾ ਪਸੰਦ ਕਰਦੇ ਨੇ। ਪੇਰੂ ਆ ਕੇ ਪਤਾ ਲੱਗਾ ਕਿ ਅਸਲ 'ਚ ਆਲੂਆਂ ਨਾਲ ਪਿਆਰ ਤਾਂ ਇਥੋਂ ਦੇ ਲੋਕਾਂ ਨੂੰ ਹੈ। ਇੰਨਾ ਪਿਆਰ ਕਿ ਇਨ੍ਹਾਂ ਨੇ ਆਲੂਆਂ ਬਾਰੇ ਕਵਿਤਾਵਾਂ ਲਿਖੀਆਂ ਹਨ। ਹਾਂ ਜੀ, ਤੁਸੀਂ ਸਹੀ ਪੜ੍ਹਿਆ ਆਲੂਆਂ ਬਾਰੇ ਕਵਿਤਾਵਾਂ। ਇੱਕ ਸੰਗੂਚੇਰੀਆ, ਜਿੱਥੇ ਸੈਂਡਵਿਚ ਬਣਾਏ ਜਾਂਦੇ ਨੇ, ਵਿੱਚ ਲੱਗੇ ਫੱਟੇ 'ਤੇ ਤਿੰਨ-ਚਾਰ ਅਜਿਹੀਆਂ ਕਵਿਤਾਵਾਂ ਪੜ੍ਹਨ ਦਾ ਮੌਕਾ ਵੀ ਮਿਲਿਆ। ਕਵਿਤਾਵਾਂ ਸਪੇਨੀ ਵਿੱਚ ਹਨ। ਉਨ੍ਹਾਂ ਵਿੱਚੋਂ ਇੱਕ ਦਾ ਅਨੁ-ਵਾਦ ਪੰਜਾਬੀ ਵਿੱਚ ਕੁਝ ਇਉਂ ਹੈ :

ਤੇਰਾ ਨਾਂਅ ਪਾਪਾ ਐ, ਪਾਤਾਤਾ ਨਹੀਂ  
ਤੂੰ ਸਪੇਨ ਵਿੱਚ ਜੰਮਿਆ ਨਹੀਂ  
ਸਾਡੀ ਚਮੜੀ ਵਾਂਗੂੰ ਤੇਰੀ  
ਚਮੜੀ ਵੀ ਸਿਆਹ ਰੰਗੀ ਐ  
ਅਸੀਂ ਮੂਲ ਨਿਵਾਸੀ ਆਂ  
ਪਾਪਾ  
ਅਸੀਂ ਇਥੋਂ ਦੇ ਬਾਸ਼ਿੰਦੇ ਆਂ,

ਪਿਆਰ ਹੋਵੇ ਵੀ ਕਿਉਂ ਨਾ? ਆਖਰ ਆਲੂਆਂ ਦਾ ਪੇਰੂ ਦੇ ਲੋਕਾਂ ਨਾਲ ਰਿਸ਼ਤਾ ਬੜਾ ਪੁਰਾਣਾ ਹੈ। ਅੱਠ ਤੋਂ ਦਸ ਹਜ਼ਾਰ ਸਾਲ ਪਹਿਲਾਂ ਉਸ ਧਰਤੀ ਉੱਤੇ ਆਲੂਆਂ ਦੀ ਖੇਤੀ ਦੇ ਸਬੂਤ ਮਿਲਦੇ ਨੇ, ਉਸ ਧਰਤੀ 'ਤੇ ਜਿੱਥੇ ਅੱਜ ਪੇਰੂ ਹੈ। ਇਸ ਕਵਿਤਾ ਵਿੱਚ ਆਲੂ ਲਈ ਪੇਰੂ ਦੇ ਮੂਲ ਵਾਸੀ ਇੰਕਾ ਲੋਕਾਂ ਦੀ ਕੇਚਵਾ ਭਾਸ਼ਾ ਦਾ ਸ਼ਬਦ 'ਪਾਪਾ' ਵਰਤਿਆ ਹੈ ਤੇ ਸਪੇਨੀ ਦੇ ਸ਼ਬਦ 'ਪਾਤਾਤਾ' ਨੂੰ ਨਕਾਰਿਆ ਹੈ ਜਿਸ ਤੋਂ ਅੰਗਰੇਜ਼ੀ ਵਿੱਚ ਪੋਟੈਟੋ' ਬਣਿਆ ਹੈ। ਇਸ ਤਰ੍ਹਾਂ ਆਲੂਆਂ ਬਾਰੇ ਹੋ ਕੇ ਵੀ ਇਹ ਕਵਿਤਾ ਪੇਰੂ ਤੇ ਸਪੇਨ, ਬਸਤੀ ਤੇ ਬਸਤੀਵਾਦੀ ਦੇਸ਼, ਦੇ ਆਪਸੀ ਸੰਬੰਧਾਂ ਵੱਲ ਇਸ਼ਾਰਾ ਕਰਦੀ ਹੈ।

ਯੂਰਪ ਵਿੱਚ ਪਹਿਲੀ ਵਾਰ ਆਲੂ 16ਵੀਂ ਸਦੀ ਦੇ ਦੂਜੇ ਅੱਧ ਵਿੱਚ ਸਪੇਨ ਰਾਹੀਂ ਪਹੁੰਚਿਆ। ਬਾਕੀ ਦੁਨੀਆ ਵਿੱਚ ਤਾਂ ਉਹਦੇ ਤੋਂ ਬਾਅਦ ਹੀ ਪਹੁੰਚੇ ਹੌਲੀ-ਹੌਲੀ। ਪੇਰੂ ਵਿੱਚ ਆਲੂ ਦੀਆਂ ਤਿੰਨ ਤੋਂ ਚਾਰ ਹਜ਼ਾਰ ਕਿਸਮਾਂ ਮਿਲਦੀਆਂ ਹਨ। ਇਥੋਂ ਦੇ ਲੋਕਾਂ ਦਾ ਆਲੂ ਲਈ ਪਿਆਰ ਕਵਿਤਾਵਾਂ ਲਿਖਣ ਤੱਕ ਹੀ ਸੀਮਿਤ ਨਹੀਂ, ਸਗੋਂ ਹਰ ਸਾਲ ਤੀਹ ਮਈ ਨੂੰ ਪੇਰੂ ਵਿੱਚ ਰਾਸ਼ਟਰੀ ਆਲੂ ਦਿਹਾੜਾ ਮਨਾਇਆ ਜਾਂਦਾ ਹੈ। ਵਿਸ਼ਵ ਨੂੰ ਆਲੂ ਦਾ ਤੋਹਫਾ ਦੇਣ ਦੇ ਸਤਿਕਾਰ ਵਜੋਂ 2018 ਵਿੱਚ 10ਵਾਂ ਵਿਸ਼ਵ ਆਲੂ ਮਹਾਂਸੰਮੇਲਨ ਪੇਰੂ ਦੇ ਸ਼ਹਿਰ ਕੂਸਕੋ ਵਿੱਚ ਕੀਤਾ ਗਿਆ ਸੀ। ਪੇਰੂਈ ਭੋਜਨ ਦੇ ਕੁਝ ਸਭ ਤੋਂ ਮਸ਼ਹੂਰ ਖਾਣਿਆਂ ਵਿੱਚ ਆਲੂ ਅਹਿਮ ਪਦਾਰਥ ਹੈ ਜਿਵੇਂ 'ਪਾਪਾ ਰੇਈਨਾ' ਭਾਵ ਭਰਵੇਂ ਆਲੂ। ਇਸ ਖਾਣੇ ਵਿੱਚ ਆਲੂਆਂ ਵਿੱਚ ਮਾਸ, ਪਿਆਜ਼ ਤੇ ਹੋਰ ਮਸਾਲੇ ਪਾਉਣ ਤੋਂ ਬਾਅਦ ਤਲਿਆ ਜਾਂਦਾ ਹੈ। ਇਸ ਤੋਂ ਬਿਨਾਂ ਹੋਰ ਅਨੇਕਾਂ ਖਾਣਿਆਂ ਦੇ ਨਾਲ ਆਲੂਆਂ ਨੂੰ ਫਰੈਂਚ ਫਰਾਈਜ਼ ਵਜੋਂ ਖਾਧਾ ਜਾਂਦਾ ਹੈ।

ਅੰਤ ਇੱਕ ਦੋਸਤ ਨੇ ਇਹ ਛੋਟਾ ਜਿਹਾ ਲੇਖ ਪੜ੍ਹ ਕੇ ਕਿਹਾ ਕਿ 'ਆਲੂਆਂ ਲਈ ਇੱਜ਼ਤ ਵਧਗੀ!' ਉਮੀਦ ਹੈ ਕਿ ਆਲੂਆਂ ਬਾਰੇ ਤੁਹਾਨੂੰ ਵੀ ਕੁਝ ਦਿਲਚਸਪ ਜਾਨਣ ਨੂੰ ਮਿਲਿਆ ਹੋਵੇਗਾ।

ਕੰਟਰੋਲ ਰੇਖਾ ਦਾ ਤਨਾਅ

# ਭਾਰਤ-ਚੀਨ ਦੇ ਫੌਜੀ ਕਮਾਂਡਰਾਂ ਦੀ ਮੀਟਿੰਗ ਨਾਲ ਗੱਲ ਅੱਗੇ ਤੁਰੀ

ਨਵੀਂ ਦਿੱਲੀ, 7 ਜੂਨ, (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਸ਼ਾਸਤ ਪ੍ਰਦੇਸ਼ ਲੱਦਾਖ ਵਿੱਚ ਮੌਜੂਦਾ ਕੰਟਰੋਲ ਰੇਖਾ (ਐੱਲ ਏ ਸੀ) ਉੱਤੇ ਭਾਰਤ-ਚੀਨ ਵਿਚਾਲੇ ਤਨਾਅ ਦਾ ਹੱਲ ਕੱਢਣ ਲਈ ਅੱਜ ਭਾਰਤ ਅਤੇ ਚੀਨ ਦੇ ਕੋਰ ਕਮਾਂਡਰ ਪੱਧਰ ਦੀ ਗੱਲਬਾਤ ਹੋਈ, ਜਿਹੜੀ ਤਣਾਅ ਘਟਾਉਣ ਲਈ ਹਾਂ-ਪੱਖੀ ਮੰਨੀ ਜਾ ਰਹੀ ਹੈ।




ਅੱਜ ਸ਼ਨਿਚਰਵਾਰ ਨੂੰ ਭਾਰਤ-ਚੀਨ ਦੇ ਕੋਰ ਕਮਾਂਡਰਾਂ ਦੀ ਬੈਠਕ ਵਿੱਚ ਭਾਰਤ ਨੇ ਚੀਨ ਨੂੰ ਸਾਫ਼ ਕਹਿ ਦਿੱਤਾ ਹੈ ਕਿ ਤਣਾਅ ਘਟਾਉਣ ਲਈ ਐੱਲ ਏ ਸੀ ਉੱਤੇ ਅਪ੍ਰੈਲ ਵਾਲੀ ਸਥਿਤੀ ਨੂੰ ਬਹਾਲ ਕਰਨਾ ਜ਼ਰੂਰੀ ਹੈ। ਭਾਰਤ ਨੇ ਇਸ ਤਰ੍ਹਾਂ ਚੀਨ ਨੂੰ ਸਾਫ ਆਖਿਆ ਕਿ ਜਦੋਂ ਤਕ ਚੀਨੀ ਫ਼ੌਜੀ ਐੱਲ ਏ ਸੀ ਦਾ ਸਨਮਾਨ ਕਰਦੇ ਹੋਏ ਪਿੱਛੇ ਨਹੀਂ ਹਟਦੀ, ਉਦੋਂ ਤਕ ਭਾਰਤੀ ਫ਼ੌਜ ਵੀ ਓਥੇ ਮਜ਼ਬੂਤੀ ਨਾਲ ਡਟੀ ਰਹੇਗੀ। ਇਸ ਦੇ ਨਾਲ ਹੀ ਭਾਰਤ ਨੇ ਉਸ ਵੱਲੋਂ ਆਪਣੇ ਇਲਾਕੇ ਵਿੱਚ ਕੀਤੇ ਜਾ ਰਹੇ ਉਸਾਰੀ ਦੇ ਕੰਮਾਂ ਉੱਤੇ ਚੀਨ ਦੇ ਇਤਰਾਜ਼ਾਂ ਨੂੰ ਗ਼ਲਤ ਕਰਾਰ ਦਿੱਤਾ ਹੈ।

ਐੱਲ ਏ ਸੀ ਉੱਤੇ ਚੀਨ ਦੇ ਸਭ ਤੋਂ ਗੰਭੀਰ ਕਬਜ਼ੇ ਦਾ ਗੱਲਬਾਤ ਨਾਲ ਹੱਲ ਕੱਢਣ ਦੇ ਦੋਵੇਂ ਦੇਸ਼ਾਂ ਦੇ ਐਲਾਨ ਹੇਠ ਅੱਜ ਕੋਰ ਕਮਾਂਡਰ ਪੱਧਰ ਦੀ ਫ਼ੌਜੀ ਗੱਲਬਾਤ ਚੁਸ਼ੂਲ ਸੈਕਟਰ ਦੇ ਸਾਹਮਣੇ ਚੀਨ ਦੇ ਮੋਲਡੋ ਫ਼ੌਜੀ ਬੇਸ ਵਿੱਚ ਹੋਈ, ਜਿੱਥੇ ਭਾਰਤ ਦੀ ਅਗਵਾਈ ਲੇਹ ਵਿਚਲੀ ਫੌਜ ਦੀ 14ਵੀਂ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਹਰਿੰਦਰ ਸਿੰਘ ਨੇ ਕੀਤੀ ਅਤੇ ਉਨ੍ਹਾਂ ਦੇ ਨਾਲ ਦੋ ਬ੍ਰਿਗੇਡੀਅਰ ਪੱਧਰ ਦੇ ਅਧਿਕਾਰੀ ਸ਼ਾਮਲ ਹੋਏ। ਚੀਨ ਵੱਲੋਂ ਵਫਦ ਦੀ ਅਗਵਾਈ ਪੀਪਲਜ਼ ਲਿਬਰੇਸ਼ਨ ਆਰਮੀ ਦੇ ਦੱਖਣੀ ਸ਼ਿਨਜਿਆਂਗ ਫੌਜੀ ਕਮਾਂਡ ਦੇ ਮੇਜਰ ਜਨਰਲ ਲਿਓ ਲਿਨ ਨੇ ਕੀਤੀ। ਗੱਲਬਾਤ ਬਾਰੇ ਕੋਈ ਸਰਕਾਰੀ ਬਿਆਨ ਤਾਂ ਜਾਰੀ ਨਹੀਂ ਹੋਇਆ, ਪਰ ਫੌਜ ਦੇ ਇਕ ਬੁਲਾਰੇ ਨੇ ਏਨਾ ਕਿਹਾ ਕਿ ਰੇੜਕੇ ਦਾ ਹੱਲ ਕੱਢਣ ਲਈ ਦੋਵਾਂ ਦੇਸ਼ਾਂ ਵਿਚਾਲੇ ਫੌਜੀ ਤੇ ਕੂਟਨੀਤਕ ਪੱਧਰ ਉੱਤੇ ਗੱਲਬਾਤ ਦਾ ਦੌਰ ਜਾਰੀ ਰਹੇਗਾ।

ਪਤਾ ਲੱਗਾ ਹੈ ਕਿ ਤਿੰਨ ਘੰਟੇ ਤੋਂ ਵੱਧ ਲੰਮੀ ਚੱਲੀ ਇਸ ਬੈਠਕ ਵਿੱਚ ਭਾਰਤ ਨੇ ਐੱਲ ਏ ਸੀ ਉੱਤੇ ਚੀਨੀ ਕਬਜ਼ੇ ਉੱਤੇ ਗੰਭੀਰ ਇਤਰਾਜ਼ ਕਰਦਿਆਂ ਪਹਿਲਾਂ ਵਰਗੀ ਸਥਿਤੀ ਬਹਾਲ ਕਰਨ ਨੂੰ ਲਾਜ਼ਮੀ ਦੱਸਿਆ। ਚੀਨੀ ਧਿਰ ਨੇ ਐੱਲ ਏ ਸੀ ਦੇ ਨੇੜੇ ਭਾਰਤ ਦੇ ਆਪਣੇ ਇਲਾਕੇ ਵਿੱਚ ਕੀਤੇ ਜਾਂਦੇ ਸੜਕ ਬਣਾਉਣ ਦੇ ਕੰਮਾਂ ਨੂੰ ਰੋਕਣ ਦੀ ਮੰਗ ਕੀਤੀ, ਪਰ ਇਸ ਬਾਰੇ ਭਾਰਤੀ ਫੌਜੀ ਅਧਿਕਾਰੀਆਂ ਨੇ ਸਾਫ਼ ਕਰ ਦਿੱਤਾ ਕਿ ਚੀਨ ਦਾ ਇਹ ਇਤਰਾਜ਼ ਠੀਕ ਨਹੀਂ, ਕਿਉਂਕਿ ਇਹ ਕਾਰਜ ਭਾਰਤ ਆਪਣੇ ਅਧਿਕਾਰ ਵਾਲੇ ਇਲਾਕੇ ਵਿੱਚ ਕਰ ਰਿਹਾ ਹੈ।

# ਚੀਨ ਬਾਰੇ ਕਾਰਟੂਨ ਉੱਤੇ ਅਮੂਲ ਡੇਅਰੀ ਦਾ ਟਵਿੱਟਰ ਅਕਾਊਂਟ ਬਲਾਕ ਕੀਤਾ ਗਿਆ

ਅਹਿਮਦਾਬਾਦ, 7 ਜੂਨ (ਪੋਸਟ ਬਿਊਰੋ)- 'ਡ੍ਰੈਗਨ ਨੂੰ ਬਾਹਰ ਕੱਢੋ' ਟੈਗ ਲਾਈਨ ਨਾਲ ਸਿੱਧੇ ਤੌਰ 'ਤੇ ਚੀਨੀ ਸਾਮਾਨ ਦੇ ਬਾਈਕਟ ਦਾ ਸੰਦੇਸ਼ ਦੇਂਦਾ ਇੱਕ ਕਾਰਟੂਨ ਪੋਸਟ ਹੋਣ ਦੇ ਕੁਝ ਦੇਰ ਪਿੱਛੋਂ ਗੁਜਰਾਤ ਦੀ ਅਮੂਲ ਡੇਅਰੀ ਦਾ ਟਵਿੱਟਰ ਅਕਾਊਂਟ ਬਲਾਕ ਕਰ ਦਿੱਤਾ ਗਿਆ। ਸੋਸ਼ਲ ਮੀਡੀਆ ਉਤੇ ਹੰਗਾਮਾ ਹੋਣ ਅਤੇ ਫਿਰ ਅਕਾਊਂਟ ਚਾਲੂ ਕਰ ਦਿੱਤਾ ਗਿਆ ਤੇ ਟਵਿੱਟਰ ਵੱਲੋਂ ਸਫਾਈ ਦਿੱਤੀ ਗਈ ਕਿ ਸੁਰੱਖਿਆ ਪ੍ਰਕਿਰਿਆ ਹੇਠ ਅਜਿਹਾ ਕੀਤਾ ਗਿਆ। ਅਕਾਊਂਟ ਫਿਰ ਤੋਂ ਚਾਲੂ ਕਰ ਦਿੱਤਾ ਗਿਆ ਹੈ ਅਤੇ ਇਸ ਵਿੱਚ ਇਹ ਕਾਰਟੂਨ ਦਿੱਸ ਰਿਹਾ ਹੈ।




ਵਰਨਣਯੋਗ ਹੈ ਕਿ ਅਮੂਲ ਗੁਜਰਾਤ ਦੀ ਕੋਆਪਰੇਟਿਵ ਮਿਲਕ ਮਾਰਕੀਟਿੰਗ ਫੈਡਰੇਸ਼ਨ (ਜੀ ਸੀ ਐੱਮ ਐੱਮ ਐੱਫ) ਦਾ ਮਸ਼ਹੂਰ ਬ੍ਰਾਂਡ ਹੈ। ਇਸ ਦੇ ਤਾਜ਼ਾ ਇਸ਼ਤਿਹਾਰ ਵਿੱਚ ਅਮੂਲ ਗਰਲ ਨੂੰ ਡ੍ਰੈਗਨ ਨਾਲ ਮੋਰਚਾ ਲੈਂਦੇ ਦਿਖਾਇਆ ਗਿਆ ਹੈ। ਇਸ਼ਤਿਹਾਰ ਵਿੱਚ ਡ੍ਰੈਗਨ ਦੇ ਹੱਥ ਵਿੱਚ ਮੇਡ ਇਨ ਚਾਈਨਾ ਦੀ ਤਖ਼ਤੀ ਹੈ ਅਤੇ ਪੂਛ ਵੱਲ ਟਿਕਟਾਕ ਲਿਖਿਆ ਹੈ। ਜੀ ਸੀ ਐੱਮ ਐੱਮ ਐੱਫ ਦੇ ਮੈਨੇਜਿੰਗ ਡਾਇਰੈਕਟਰ ਆਰ ਐੱਸ ਸੋਢੀ ਨੇ ਦੱਸਿਆ ਕਿ ਇਹ ਇਸ਼ਤਿਹਾਰ ਪ੍ਰਧਾਨ ਮੰਤਰੀ ਮੋਦੀ ਵੱਲੋਂ ਭਾਰਤ ਨੂੰ ਆਤਮ ਨਿਰਭਰ ਬਣਾਉਣ ਅਤੇ ਲੱਦਾਖ ਵਿੱਚ ਚੀਨੀ ਘੁਸਪੈਠ ਪਿੱਛੋਂ ਸੋਸ਼ਲ ਮੀਡੀਆ ਵਿੱਚ ਚੀਨੀ ਮਾਲ ਦੇ ਬਾਈਕਾਟ ਦੀ ਅਪੀਲ ਦਾ ਧਿਆਨ ਰੱਖ ਕੇ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅਮੂਲ ਗਰਲ 55 ਸਾਲ ਤੋਂ ਕੰਪਨੀ ਦੀ ਮਸਕਟ ਹੈ। ਉਸ ਦਾ ਇਸ਼ਤਿਹਾਰ ਹਮੇਸ਼ਾ ਸਮਾਜਕ ਵਿਸ਼ੇ 'ਤੇ ਹੰਦਾ ਹੈ। ਅਮੂਲ ਦੀ ਇਸ਼ਤਿਹਾਰ ਏਜੰਸੀ ਨੇ ਤਿੰਨ ਜੂਨ ਰਾਤ ਨੂੰ ਟਵਿੱਟਰ 'ਤੇ ਲੋਡ ਕੀਤਾ ਸੀ। ਚਾਰ ਜੂਨ ਸ਼ਾਮ ਨੂੰ ਅਮੂਲ ਦਾ ਟਵਿੱਟਰ ਅਕਾਊਂਟ ਬਲਾਕ ਕਰ ਦਿੱਤਾ ਗਿਆ। ਇਸ਼ਤਿਹਾਰ ਏਜੰਸੀ ਨੇ ਇਸ ਦੀ ਜਾਣਕਾਰੀ ਅਮੂਲ ਮੈਨੇਜਮੈਂਟ ਨੂੰ ਦਿੱਤੀ। ਫਿਰ ਅਮੂਲ ਮੈਨੇਜਮੈਂਟ ਨੇ ਟਵਿੱਟਰ ਤੋਂ ਕਾਰਨ ਪੁੱਛਣ ਦੇ ਨਾਲ ਆਪਣੇ ਅਕਾਊਂਟ ਨੂੰ ਅਨਲਾਕ ਕਰਨ ਦੀ ਅਪੀਲ ਕੀਤੀ। ਦੱਸਣ ਯੋਗ ਹੈ ਕਿ 33 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੇ ਟਵਿੱਟਰ ਖਿਲਾਫ ਨਾਰਾਜ਼ਗੀ ਦਿਖਾਈ।

# ਨਵਜੋਤ ਸਿੱਧੂ ਨੂੰ ਆਪਣੀ ਟੀਮ ਵਿਚ ਲੈ ਕੇ ਖ਼ੁਸ਼ੀ ਹੋਵੇਗੀ: ਕੇਜਰੀਵਾਲ

ਨਵੀਂ ਦਿੱਲੀ, 7 ਜੂਨ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਇੱਕ ਟੀ ਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਸਾਫ ਕਹਿ ਦਿੱਤਾ ਹੈ ਕਿ ਨਵਜੋਤ ਸਿੰਘ ਸਿੱਧੂ ਨੂੰ ਆਪਣੀ ਟੀਮ ਵਿਚ ਸ਼ਾਮਲ ਕਰ ਕੇ ਉਨ੍ਹਾਂ ਨੂੰ ਖੁਸ਼ੀ ਹੋਵੇਗੀ। ਉਨ੍ਹਾ ਦੇ ਇਸ ਬਿਆਨ ਨੂੰ ਨਵਜੋਤ ਸਿੰਘ ਸਿੱਧੂ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦੇ ਇੱਕ ਵੱਡੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ।



ਇਸ ਸੰਬੰਧ ਵਿੱਚ ਚਰਚਾ ਹੈ ਕਿ ਚੋਣ ਰਣਨੀਤੀਆਂ ਦੇ ਮਾਹਰ ਮੰਨੇ ਜਾਂਦੇ ਪ੍ਰਸ਼ਾਂਤ ਕਿਸ਼ੋਰ ਹੀ ਨਵਜੋਤ ਸਿੰਘ ਸਿੱਧੂ ਦੇ ਇਸ ਨਵੇਂ ਕਦਮ ਲਈ ਵਿਚੋਲਗੀ ਕਰ ਰਹੇ ਹਨ। ਆਮ ਆਦਮੀ ਪਾਰਟੀ ਦੇ ਸੂਤਰਾਂ ਦਾ ਕਹਿਣਾ ਹੈ ਕਿ ਨਵਜੋਤ ਸਿੰਘ ਸਿੱਧੂ ਬਾਰੇ ਗੱਲ ਅਜੇ ਵੀ ਚੱਲਦੀ ਹੈ, ਪਰ ਕੋਈ ਫੈਸਲਾ ਨਹੀਂ ਹੋ ਰਿਹਾ। ਫਿਰ ਵੀ ਪਾਰਟੀ ਦੇ ਕੁਝ ਆਗੂਆਂ ਨੂੰ ਆਸ ਹੈ ਕਿ ਕੋਵਿਡ-19 ਦੇ ਕੁਝ ਮੱਠਾ ਪੈਂਦੇ ਸਾਰ ਨਵਜੋਤ ਸਿੰਘ ਸਿੱਧੂ ਦੀ ਕੇਜਰੀਵਾਲ ਨਾਲ ਬੈਠਕ ਹੋ ਸਕਦੀ ਹੈ। ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਇੰਚਾਰਜ ਅਤੇ ਦਿੱਲੀ ਦੇ ਤਿਲਕ ਨਗਰ ਹਲਕੇ ਤੋਂ ਵਿਧਾਇਕ ਜਰਨੈਲ ਸਿੰਘ ਇਹ ਕਹਿ ਰਹੇ ਹਨ ਕਿ ਨਵਜੋਤ ਸਿੰਘ ਸਿੱਧੂ ਨਾਲ ਉਨ੍ਹਾਂ ਨਾਲ ਕੋਈ ਗੱਲ ਨਹੀਂ ਹੋਈ। ਉਨ੍ਹਾ ਕਿਹਾ ਕਿ ਕਾਂਗਰਸ ਤੇ ਅਕਾਲੀ ਦਲ ਦੋਵਾਂ ਪਾਸਿਆਂ ਨਾਲ ਨਾਰਾਜ਼ਗੀ ਕਰਨ ਜਿਹੜੇ ਲੋਕ ਵੀ ਸਾਡੇ ਵੱਲ ਆਉਣਗੇ, ਆਮ ਆਦਮੀ ਪਾਰਟੀ ਵਿੱਚ ਉਨ੍ਹਾਂ ਦਾ ਸਵਾਗਤ ਕੀਤਾ ਜਾਵੇਗਾ ਅਤੇ ਪੰਜਾਬ ਦੀ ਭਲਾਈ ਲਈ ਉਨ੍ਹਾਂ ਨੂੰ ਅੱਗੇ ਆਉਣਾ ਵੀ ਚਾਹੀਦਾ ਹੈ।

ਇਸ ਦੌਰਾਨ ਜਾਣਕਾਰਾਂ ਦਾ ਕਹਿਣਾ ਹੈ ਕਿ 2017 ਵਿੱਚ ਭਾਜਪਾ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਏ ਸਿਆਸਤ ਦੇ ਬਹੁ-ਰੰਗੇ ਖਿਡਾਰੀ ਨਵਜੋਤ ਸਿੰਘ ਸਿੱਧੂ ਇਸ ਵਾਰੀ ਆਮ ਆਦਮੀ ਪਾਰਟੀ ਵਿੱਚ ਜਾ ਸਕਦੇ ਹਨ। ਇਸ ਤੋਂ ਪਹਿਲਾਂ ਸਾਲ 2016-17 ਵਿੱਚ ਵੀ ਉਨ੍ਹਾਂ ਦੇ ਇਸ ਪਾਰਟੀ ਵਿੱਚ ਜਾਣ ਦੀ ਚਰਚਾ ਚੱਲਦੀ ਸੀ, ਪਰ ਕਿਸੇ ਕਾਰਨ ਗੱਲ ਨਹੀਂ ਸੀ ਬਣੀ ਤੇ ਉਹ ਕਾਂਗਰਸ ਵਿੱਚ ਚਲੇ ਗਏ ਸਨ। ਇਸ ਵਕਤ ਨਵਜੋਤ ਸਿੰਘ ਸਿੱਧੂ ਹਾਲੇ ਅੰਮ੍ਰਿਤਸਰ ਦੇ ਪੂਰਬੀ ਹਲਕੇ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਹਨ। ਕਾਂਗਰਸ ਵਿੱਚ ਉਨ੍ਹਾਂ ਦੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸਾਂਝ ਪੂਰੀ ਨਹੀਂ ਸੀ ਨਿਭ ਸਕੀ ਅਤੇ ਫਿਰ ਉਨ੍ਹਾਂ ਨੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਸੀ।

ਸੁਪਰੀਮ ਕੋਰਟ ਦਾ ਨਿਰਦੇਸ਼

# 15 ਦਿਨਾਂ ਵਿੱਚ ਸਾਰੇ ਪ੍ਰਵਾਸੀ ਮਜ਼ਦੂਰਾਂ ਨੂੰ ਘਰ ਪੁਚਾਇਆ ਜਾਵੇ



ਨਵੀਂ ਦਿੱਲੀ, 7 ਜੂਨ (ਪੋਸਟ ਬਿਊਰੋ)- ਪ੍ਰਵਾਸੀ ਮਜ਼ਦੂਰਾਂ ਦੇ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਵਿੱਚ ਕੱਲ੍ਹ ਹੋਈ ਤਾਂ ਉਨ੍ਹਾਂ ਦੀ ਹਾਲਤ ਦਾ ਖ਼ੁਦ ਨੋਟਿਸ ਲੈਂਦਿਆਂ ਅਦਾਲਤ ਨੇ ਕੇਂਦਰ ਸਰਕਾਰ ਅਤੇ ਰਾਜਾਂ ਨੂੰ ਸਾਰੇ ਪ੍ਰਵਾਸੀਆਂ ਨੂੰ 15 ਦਿਨਾਂ ਦੇ ਅੰਦਰ ਘਰੋ-ਘਰੀ ਪੁਚਾਉਣ ਦੇ ਨਿਰਦੇਸ਼ ਦਿੱਤੇ ਹਨ।

ਸੁਪਰੀਮ ਕੋਰਟ ਨੇ ਕਿਹਾ ਕਿ ਸਾਰੇ ਰਾਜਾਂ ਨੂੰ ਰਿਕਾਰਡ ਉੱਤੇ ਲਿਆਉਣਾ ਪਏਗਾ ਕਿ ਉਹ ਰੁਜ਼ਗਾਰ ਅਤੇ ਹੋਰ ਕਿਸਮਾਂ ਦੀ ਰਾਹਤ ਕਿਵੇਂ ਦੇਣਗੇ ਅਤੇ ਪ੍ਰਵਾਸੀਆਂ ਦਾ ਰਜਿਸਟ੍ਰੇਸ਼ਨ ਹੋਣਾ ਵੀ ਲਾਜ਼ਮੀ ਹੈ। ਜਸਟਿਸ ਅਸ਼ੋਕ ਭੂਸ਼ਣ, ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਐਮ ਆਰ ਸ਼ਾਹ ਦੇ ਬੈਂਚ ਨੇ ਪ੍ਰਵਾਸੀ ਮਜ਼ਦੂਰਾਂ ਦੀ ਤਰਸ ਯੋਗ ਸਥਿਤੀ ਬਾਰੇ ਸਵੈ-ਸੰਜੀਦਗੀ ਦੇ ਕੇਸ ਦੀ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ ਵੇਲੇ ਆਪਣਾ ਇਰਾਦਾ ਜ਼ਾਹਰ ਕੀਤਾ। ਇਸ ਦੌਰਾਨ ਕੇਂਦਰ ਸਰਕਾਰ ਵੱਲੋਂ ਸਾਲਿਸਿਟਰ ਜਨਰਲ ਤੁਸ਼ਾਹ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਪ੍ਰਵਾਸੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਜੱਦੀ ਸਥਾਨ 'ਤੇ ਲਿਜਾਣ ਲਈ ਤਿੰਨ ਜੂਨ ਤੱਕ 4,200 ਤੋਂ ਵਧੇਰੇ 'ਵਿਸ਼ੇਸ਼ ਲੇਬਰ ਟ੍ਰੇਨਾਂ' ਚਲਾਈਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਇੱਕ ਕਰੋੜ ਤੋਂ ਵੱਧ ਕਾਮਿਆਂ ਨੂੰ ਉਨ੍ਹਾਂ ਦੀ ਮੰਜ਼ਿਲ 'ਤੇ ਪਹੁੰਚਾਇਆ ਗਿਆ ਹੈ ਅਤੇ ਬਹੁਤੀਆਂ ਰੇਲ ਗੱਡੀਆਂ ਉਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਗਈਆਂ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰਾਂ ਦੱਸ ਸਕਦੀਆਂ ਹਨ ਕਿ ਹੋਰ ਕਿੰਨੇ ਪ੍ਰਵਾਸੀ ਕਾਮਿਆਂ ਨੂੰ ਭੇਜਣ ਦੀ ਜ਼ਰੂਰਤ ਹੈ ਅਤੇ ਇਸ ਲਈ ਕਿੰਨੀਆਂ ਰੇਲ ਗੱਡੀਆਂ ਦੀ ਲੋੜ ਹੋਏਗੀ। ਇਸ ਕੇਸ ਵਿੱਚ ਸੁਣਵਾਈ ਅਜੇ ਵੀ ਚੱਲ ਰਹੀ ਹੈ। ਸੁਪਰੀਮ ਕੋਰਟ ਨੇ 28 ਮਈ ਨੂੰ ਹਦਾਇਤ ਕੀਤੀ ਸੀ ਕਿ ਸਾਰੇ ਪ੍ਰਵਾਸੀ ਮਜ਼ਦੂਰਾਂ ਤੋਂ ਉਨ੍ਹਾਂ ਦੇ ਜੱਦੀ ਘਰ ਜਾਣ ਦੀ ਇੱਛਾ ਨਾਲ ਰੇਲ ਜਾਂ ਬੱਸ ਦਾ ਕਿਰਾਇਆ ਨਹੀਂ ਲਿਆ ਜਾਣਾ ਚਾਹੀਦਾ। ਅਦਾਲਤ ਨੇ ਇਹ ਵੀ ਨਿਰਦੇਸ਼ ਦਿੱਤੇ ਸਨ ਕਿ ਸਬੰਧਤ ਅਧਿਕਾਰੀ ਰਸਤੇ ਵਿੱਚ ਫਸੇ ਮਜ਼ਦੂਰਾਂ ਨੂੰ ਮੁਫ਼ਤ ਖਾਣਾ ਅਤੇ ਪਾਣੀ ਦੇਣਗੇ।

# ਕੋਰੋਨਾ ਵਾਇਰਸ ਕਰਕੇ ਢਾਈ ਕਰੋੜ ਲੋਕਾਂ ਸਾਹਮਣੇ ਭੁਖਮਰੀ ਦਾ ਸੰਕਟ



ਨਵੀਂ ਦਿੱਲੀ, 7 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਮਹਾਂਮਾਰੀ ਕਰਕੇ ਦੁਨੀਆਂ 'ਚ 26.5 ਕਰੋੜ ਲੋਕਾਂ ਸਾਹਮਣੇ ਭੁਖਮਰੀ ਦਾ ਖ਼ਤਰਾ ਅਤੇ ਭਾਰਤ 'ਚ ਲਗੱਭਗ ਇੱਕ ਕਰੋੜ 20 ਲੱਖ ਲੋਕਾਂ ਲਈ ਇਹੋ ਹਾਲਤ ਬਣ ਗਈ ਹੈ।

ਸੈਂਟਰ ਫ਼ਾਰ ਸਾਇੰਸ ਐਂਡ ਇਨਵਾਇਨਮੈਂਟ ਵੱਲੋਂ 'ਸਟੇਟ ਆਫ਼ ਇੰਡੀਆਜ਼ ਇਨਵਾਇਰਨਮੈਂਟ ਇਨ ਫ਼ਿਗਰਸ 2020' ਰਿਪੋਰਟ 'ਚ ਮਹਾਂਮਾਰੀ ਦੇ ਵੱਡੇ ਪੱਧਰ 'ਤੇ ਹੋਣ ਵਾਲੇ ਆਰਥਕ ਅਸਰ ਬਾਰੇ ਕਿਹਾ ਗਿਆ ਹੈ। ਇਸ ਰਿਪੋਰਟ ਦੇ ਅਨੁਸਾਰ ਕੌਮਾਂਤਰੀ ਪੱਧਰ 'ਤੇ ਗ਼ਰੀਬੀ ਦਰ 'ਚ 22 ਸਾਲਾਂ 'ਚ ਪਹਿਲੀ ਵਾਰੀ ਵਾਧਾ ਹੋਵੇਗਾ। ਰਿਪੋਰਟ 'ਚ ਕਿਹਾ ਗਿਆ ਹੈ ਕਿ ਕੌਮਾਂਤਰੀ ਆਬਾਦੀ ਦਾ 50 ਫ਼ੀਸਦੀ ਹਿੱਸਾ ਤਾਲਾਬੰਦੀ 'ਚ ਹੈ ਜਿਸ ਦੀ ਆਮਦਨ ਜਾਂ ਬਹੁਤ ਘੱਟ ਹੈ ਜਾਂ ਉਸ ਕੋਲ ਆਮਦਨ ਦਾ ਕੋਈ ਸਾਧਨ ਨਹੀਂ। ਆਮਦਨ ਦਾ ਸਰੋਤ ਖ਼ਤਮ ਹੋਣ ਨਾਲ ਚਾਰ ਤੋਂ ਛੇ ਕਰੋੜ ਲੋਕ ਅਗਲੇ ਮਹੀਨਿਆਂ 'ਚ ਗ਼ਰੀਬੀ 'ਚ ਜੀਵਨ ਬਤੀਤ ਕਰਨਗੇ। ਇਸ 'ਚ ਕਿਹਾ ਗਿਆ ਹੈ ਕਿ ਗ਼ਰੀਬ ਆਬਾਦੀ 'ਚ ਇੱਕ 1.20 ਕਰੋੜ ਲੋਕ ਹੋਰ ਜੁੜ ਜਾਣਗੇ, ਜੋ ਦੁਨੀਆਂ 'ਚ ਸਭ ਤੋਂ ਜ਼ਿਆਦਾ ਹੈ।

# ਖਾਲਿਸਤਾਨ ਦੀ ਮੰਗ ਕਰਨ ਉੱਤੇ ਐੱਮ ਪੀ ਬਿੱਟੂ ਅਕਾਲ ਤਖਤ ਦੇ ਜਥੇਦਾਰ ਉੱਤੇ ਭੜਕਿਆ

* ਅਕਾਲੀ ਦਲ ਤੇ ਭਾਜਪਾ ਨੂੰ ਆਪਣਾ ਸਟੈਂਡ ਸਪੱਸ਼ਟ ਕਰਨ ਨੂੰ ਕਿਹਾ

* ਪੰਜਾਬ ਭਾਜਪਾ ਪ੍ਰਧਾਨ ਨੇ ਜਥੇਦਾਰ ਦਾ ਬਿਆਨ ਮੰਦਭਾਗਾ ਕਿਹਾ



ਕਾਂਗਰਸ ਐਮਪੀ ਰਵਨੀਤ ਸਿੰਘ ਬਿੱਟੂ



ਜਥੇਦਾਰ ਗਿਆਨੀ ਹਰਪ੍ਰੀਤ ਸਿੰਘ

ਲੁਧਿਆਣਾ, 7 ਜੂਨ (ਪੋਸਟ ਬਿਊਰੋ)- ਆਪਰੇਸ਼ਨ ਬਲਿਊ ਸਟਾਰ ਦੀ ਵਰ੍ਹੇਗੰਢ ਮੌਕੇ ਖਾਲਿਸਤਾਨ ਦੀ ਮੰਗ ਕਰਨ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਫਿਰ ਕਾਂਗਰਸ ਐੱਮ ਪੀ ਰਵਨੀਤ ਬਿੱਟੂ ਦੇ ਨਿਸ਼ਾਨੇ ਉੱਤੇ ਆ ਗਏ ਹਨ। ਇਸ ਬਾਰੇ ਬਿੱਟੂ ਨੇ ਅਕਾਲੀ ਦਲ ਅਤੇ ਭਾਜਪਾ ਨੂੰ ਵੀ ਸਟੈਂਡ ਸਪੱਸ਼ਟ ਕਰਨ ਦੀ ਅਪੀਲ ਕੀਤੀ ਹੈ।

ਲੁਧਿਆਣਾ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਖਾਲਿਸਤਾਨ ਦੇ ਨਾਂਅ ਉੱਤੇ ਪੰਜਾਬ ਦਾ ਮਾਹੌਲ ਖਰਾਬ ਕਰਨ ਦੇ ਯਤਨਾਂ ਬਾਰੇ ਉਹ ਜਿਹੜਾ ਸ਼ੱਕ ਜ਼ਾਹਰ ਕਰ ਰਹੇ ਸਨ, ਉਹ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਬਿਆਨ ਤੋਂ ਸਾਫ ਹੋ ਗਿਆ ਹੈ। ਇਨ੍ਹਾਂ ਦੋਵਾਂ ਨੇ ਦੇਸ਼ ਵਿੱਚ ਸਿੱਖਾਂ ਨਾਲ ਧੱਕੇਸ਼ਾਹੀ ਹੋਣ ਦੀ ਜੋ ਗੱਲ ਕਹੀ ਹੈ, ਉਸ ਬਾਰੇ ਕੇਂਦਰ ਅਤੇ ਵਧੇਰੇ ਰਾਜਾਂ ਦੀ ਸੱਤਾ 'ਤੇ ਕਾਬਜ਼ ਭਾਜਪਾ ਨੂੰ ਜਵਾਬ ਦੇਣਾ ਚਾਹੀਦਾ ਹੈ। ਇਹੀ ਜ਼ਿੰਮੇਵਾਰੀ ਭਾਜਪਾ ਦੇ ਸਹਿਯੋਗੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਬਣਦੀ ਹੈ। ਇਸੇ ਤਰ੍ਹਾਂ ਉਕਤ ਦੋਵਾਂ ਪਾਰਟੀਆਂ ਦੇ ਆਗੂਆਂ ਨੂੰ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਕੀਤੀ ਖਾਲਿਸਤਾਨ ਦੀ ਮੰਗ ਬਾਰੇ ਆਪਣਾ ਰੁਖ ਸਪੱਸ਼ਟ ਕਰਨਾ ਚਾਹੀਦਾ ਹੈ ਅਤੇ ਜੇ ਅਕਾਲੀ ਦਲ ਇਸ ਨਾਲ ਸਹਿਮਤ ਹੈ ਤਾਂ ਸਭ ਤੋਂ ਪਹਿਲਾਂ ਕੇਂਦਰ ਸਰਕਾਰ ਤੋਂ ਨਾਤਾ ਤੋੜ ਕੇ ਗਠਜੋੜ ਤੋਂ ਬਾਹਰ ਆ ਜਾਵੇ। ਬਿੱਟੂ ਨੇ ਕਿਹਾ ਕਿ ਇਨ੍ਹਾਂ ਦੋਵਾਂ ਪ੍ਰਤੀਨਿਧਾਂ ਨੂੰ ਧਾਰਮਿਕ ਜਥੇਬੰਦੀਆਂ ਦੀ ਮਰਿਆਦਾ ਦਾ ਧਿਆਨ ਰੱਖ ਕੇ ਆਪਣੇ ਆਕਾਵਾਂ ਦੇ ਸਿਆਸੀ ਹਿੱਤਾਂ ਲਈ ਲੋਕਤੰਤਰਿਰੀ ਵਿਵਸਥਾ ਨੂੰ ਚੁਣੌਤੀ ਦੇਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ, ਜਿਸ ਨਾਲ ਪੰਜਾਬ ਦਾ ਮਾਹੌਲ ਖਰਾਬ ਹੋਣ ਦਾ ਖਤਰਾ ਹੈ।

ਦੂਸਰੇ ਪਾਸੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਖਾਲਿਸਤਾਨ ਬਾਰੇ ਦਿੱਤੇ ਗਏ ਬਿਆਨ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿਰਫ ਪੰਜਾਬ ਦੇ ਹੀ ਨਹੀਂ, ਸਗੋਂ ਭਾਰਤ ਦੇ ਕਰੋੜਾਂ ਲੋਕਾਂ ਦੀ ਆਸਥਾ ਸ੍ਰੀ ਅਕਾਲ ਤਖਤ ਨਾਲ ਜੁੜੀ ਹੋਈ ਹੈ ਅਤੇ ਅਜਿਹੇ ਮਹਾਨ ਤਖਤ ਦੇ ਜਥੇਦਾਰ ਹੁੰਦਿਆਂ ਗਿਆਨੀ ਹਰਪ੍ਰੀਤ ਸਿੰਘ ਨੂੰ ਅਜਿਹਾ ਬਿਆਨ ਨਹੀਂ ਦੇਣਾ ਚਾਹੀਦਾ, ਜੋ ਦੇਸ਼ ਦੀ ਏਕਤਾ, ਅਖੰਡਤਾ ਤੇ ਪੰਜਾਬ ਦੀ ਸਮਾਜੀ ਸਦਭਾਵਨਾ ਨੂੰ ਸੱਟ ਮਾਰਦਾ ਹੋਵੇ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜਥੇਦਾਰ ਸਾਹਿਬ ਦੇ ਬਿਆਨ ਨਾਲ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ ਬਹੁਤ ਸੰਤਾਪ ਝੱਲਿਆ ਹੈ ਤੇ ਹਜ਼ਾਰਾਂ ਦੀ ਗਿਣਤੀ 'ਚ ਨਿਰਦੋਸ਼ ਪੰਜਾਬੀਆਂ ਨੂੰ ਆਪਣੀ ਜਾਨ ਗਵਾਉਣੀ ਪਈ ਸੀ।

# ਪੰਜਾਬ ਵਿਚ ਨਿੱਜੀ ਤੇ ਜਨਤਕ ਵਾਹਨਾਂ ਨੂੰ ਸ਼ਰਤਾਂ ਨਾਲ ਚੱਲਣ ਦੀ ਖੁੱਲ੍ਹ ਮਿਲੀ

ਚੰਡੀਗੜ੍ਹ, 7 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਲੋਕਾਂ ਨੂੰ ਆਪਣੇ ਕੰਮਾਂ ਲਈ ਆਉਣ-ਜਾਣ ਲਈ ਛੋਟ ਦੇ ਯਤਨ ਵਜੋਂ ਪੰਜਾਬ ਸਰਕਾਰ ਨੇ ਸਾਰੇ ਨਿੱਜੀ (ਨਾਨ-ਟਰਾਂਸਪੋਰਟ) ਤੇ ਜਨਤਕ ਸੇਵਾ ਵਾਹਨਾਂ ਨੂੰ ਸਮਰੱਥ ਅਥਾਰਟੀ ਵੱਲੋਂ ਐਲਾਨੇ ਗਏ ਕੰਟੇਨਮੈਂਟ ਜ਼ੋਨਾਂ ਨੂੰ ਛੱਡ ਕੇ ਬਾਕੀ ਸਭ ਥਾਂ ਸਖ਼ਤ ਸ਼ਰਤਾਂ ਨਾਲ ਸਵੇਰੇ 5 ਵਜੇ ਤੋਂ ਰਾਤ 9 ਵਜੇ ਤੱਕ ਚੱਲਣ ਦੀ ਖੁੱਲ੍ਹ ਦੇ ਦਿੱਤੀ ਹੈ, ਤਾਂ ਜੋ ਮਾਰੂ ਕਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਦਾ ਯਤਨ ਵੀ ਜਾਰੀ ਰਹਿ ਸਕੇ।

ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੇ ਕਿਹਾ ਕਿ ਸਰਕਾਰ ਨੇ ਲੋਕਾਂ ਨੂੰ ਰਾਹਤ ਦੇਣ ਦਾ ਫੈਸਲਾ ਕੀਤਾ ਹੈ, ਤਾਂ ਜੋ ਉਹ ਰੋਜ਼ ਦੇ ਕੰਮਾਂ ਲਈ ਆ-ਜਾ ਸਕਣ। ਉਨ੍ਹਾਂ ਕਿਹਾ ਕਿ ਜਨਤਕ ਸੇਵਾ ਵਾਹਨ ਚਲਾਉਣ ਦੀ ਖੁੱਲ੍ਹ ਇਸ ਸ਼ਰਤ ਨਾਲ ਦਿੱਤੀ ਹੈ ਕਿ ਯਾਤਰਾ ਦੌਰਾਨ ਬੱਸਾਂ ਨੂੰ 50 ਫ਼ੀਸਦੀ ਤੋਂ ਵੱਧ ਨਾ ਭਰਿਆ ਜਾਵੇ ਤਾਂ ਜੋ ਢੁੱਕਵੀਂ ਸਮਾਜਿਕ ਦੂਰੀ ਯਕੀਨੀ ਹੋ ਸਕੇ। ਸਟੇਟ ਕੈਰੇਜ ਪਰਮਿਟ ਦੇ ਸਾਰੇ ਜਨਤਕ ਸੇਵਾ ਵਾਹਨਾਂ ਨੂੰ ਉਨ੍ਹਾਂ ਦੇ ਤੈਅ ਰੂਟ ਉੱਤੇ ਚੱਲਣ ਦੀ ਖੁੱਲ੍ਹ ਹੋਵੇਗੀ, ਪਰ ਸੇਵਾ ਵਾਹਨ ਚਲਾਉਣ ਵਾਲਾ ਵਿਅਕਤੀ ਇਹ ਯਕੀਨੀ ਕਰੇਗਾ ਕਿ ਯਾਤਰੀ ਅਜਿਹੇ ਵਾਹਨ ਉੱਤੇ ਸਿਰਫ਼ ਯਾਤਰਾ ਦੇ ਸ਼ੁਰੂ ਹੋਣ ਵਾਲੀ ਥਾਂ ਤੋਂ ਚੜ੍ਹਨ ਅਤੇ ਸਫ਼ਰ ਦੇ ਆਖਰੀ ਥਾਂ ਜਾਂ ਜਿਲ੍ਹਾ ਹੈਡਕੁਆਟਰ ਜਾਂ ਸਬ ਡਵੀਜ਼ਨਲ ਹੈਡਕੁਆਟਰ ਜਾਂ ਬਲਾਕ ਹੈਡਕੁਆਟਰਜ਼ ਜਾਂ ਬੱਸ ਸਟੈਂਡ ਜਾਂ ਮਿਉਂਸਪਲ ਬੱਸ ਸਟੈਂਡ ਤੋਂ ਬਿਨਾਂ ਕਿਸੇ ਥਾਂ ਉੱਤੇ ਨਾ ਉੱਤਰਨ। ਸਾਰੇ ਯਾਤਰੀ ਮਾਸਕ ਪਹਿਨ ਕੇ ਰੱਖਣ ਅਤੇ ਵਾਹਨ ਵਿੱਚ ਚੜ੍ਹਨ ਤੋਂ ਪਹਿਲਾਂ ਹਰ ਯਾਤਰੀ ਦੇ ਸਰੀਰ ਦੇ ਤਾਪਮਾਨ ਦੀ ਜਾਂਚ ਕੀਤੀ ਜਾਵੇ।

ਸਟੇਟ ਕੈਰੇਜ ਪਰਮਿਟ ਦੀਆਂ ਬੱਸਾਂ ਪੇਂਡੂ ਖੇਤਰਾਂ ਵਿੱਚ ਇਨ੍ਹਾਂ ਸ਼ਰਤਾਂ ਨਾਲ ਚੱਲ ਸਕਦੀਆਂ ਹਨ, ਪਰ ਸਟੇਟ ਟਰਾਂਸਪੋਰਟ ਦੀਆਂ ਬੱਸਾਂ, ਜੋ ਆਲੇ-ਦੁਆਲੇ ਦੇ ਇਲਾਕਿਆਂ ਤੋਂ ਚੰਡੀਗੜ੍ਹ ਵੱਲ ਨੂੰ ਸਰਕਾਰੀ ਕਰਮਚਾਰੀਆਂ ਨੂੰ ਲਿਆਉਣ-ਲਿਜਾਣ ਲਈ ਹਨ, ਉਨ੍ਹਾਂ ਉੱਤੇ 50 ਫੀਸਦੀ ਤੋਂ ਵੱਧ ਨਾ ਭਰਨ ਦੀ ਸ਼ਰਤ ਤੋਂ ਬਿਨਾ ਬਾਕੀ ਸ਼ਰਤਾਂ ਲਾਗੂ ਨਹੀਂ ਹੋਣਗੀਆਂ। ਸਰਕਾਰੀ ਕਰਮਚਾਰੀਆਂ ਨੂੰ ਯਾਤਰਾ ਵੇਲੇ ਮਾਸਕ ਪਹਿਨਣਾ ਲਾਜ਼ਮੀ ਹੋਵੇਗਾ। ਉਨ੍ਹਾਂ ਕਿਹਾ ਕਿ ਈ-ਰਿਕਸ਼ਾ, ਆਟੋ ਰਿਕਸ਼ਾ, ਮੈਕਸੀ-ਕੈਬ, ਮੋਟਰ-ਕੈਬ ਨੂੰ ਸਿਰਫ 1 ਡਰਾਈਵਰ ਅਤੇ 2 ਮੁਸਾਫਰਾਂ ਦੀ ਖੁੱਲ੍ਹ ਹੈ। ਉਨ੍ਹਾਂ ਨੂੰ ਹਰ ਯਾਤਰਾ ਤੋਂ ਬਾਅਦ ਇਸ ਦੀ ਯੋਗ ਸਫਾਈ ਕਰਨੀ ਹੋਵੇਗੀ ਅਤੇ ਕਾਰ-ਪੂਲਿੰਗ ਅਤੇ ਕਾਰ-ਸ਼ੇਅਰਿੰਗ ਦੀ ਆਗਿਆ ਨਹੀਂ ਹੋਵੇਗੀ। ਪ੍ਰਾਈਵੇਟ ਵਾਹਨਾਂ (ਨਾਨ-ਟਰਾਂਸਪੋਰਟ) ਨੂੰ ਚਲਾਉਣ ਲਈ ਖੁੱਲ੍ਹ ਇਸ ਸ਼ਰਤ ਨਾਲ ਦਿੱਤੀ ਗਈ ਹੈ ਕਿ ਦੋ ਪਹੀਆ ਵਾਹਨ ਚਾਲਕਾਂ ਦੇ ਪਿੱਛੇ ਬੈਠਣ ਵਾਲੀ ਸਵਾਰੀ (ਪਿਲੀਅਨ ਰਾਈਡਰ), ਜੋ ਇਕ ਨਾਬਾਲਗ ਬੱਚਾ ਜਾਂ ਡਰਾਈਵਰ ਦਾ ਪਤੀ ਜਾਂ ਪਤਨੀ ਹੈ, ਦੀ ਖੁੱਲ੍ਹ ਹੋਵੇਗੀ। ਚਾਰ ਪਹੀਆ ਵਾਹਨਾਂ ਵਿਚ 1 ਡਰਾਈਵਰ ਅਤੇ ਵੱਧ ਤੋਂ ਵੱਧ 2 ਜਣਿਆਂ ਦੀ ਖੁੱਲ੍ਹ ਹੋਵੇਗੀ।


# ਨਸ਼ੇ ਲਈ ਪੈਸੇ ਨਾ ਮਿਲੇ ਤਾਂ ਸਕੇ ਭਰਾ ਦਾ ਕਤਲ ਕਰ ਦਿੱਤਾ

ਨਕੋਦਰ, 7 ਜੂਨ (ਪੋਸਟ ਬਿਊਰੋ)- ਨਸ਼ੇ ਲਈ ਪੈਸੇ ਨਾ ਦੇਣ ਉਤੇ ਛੋਟੇ ਭਰਾ ਨੇ ਵੱਡੇ ਭਰਾ ਦਾ ਕੱਲ੍ਹ ਸਵੇਰੇ ਕਤਲ ਕਰ ਦਿੱਤਾ। ਦੋਵਾਂ ਭਰਾਵਾਂ ਵਿੱਚ ਝਗੜਾ ਸ਼ਰਾਬ ਲਈ ਪੈਸਿਆਂ ਦੀ ਮੰਗ ਤੋਂ ਹੋਇਆ ਸੀ। ਇਸ ਪਿੱਛੋਂ 40 ਸਾਲ ਦੇ ਸੁਖਦੇਵ ਉਰਫ ਕੇਬਾ ਨੇ ਦਾਤਰ ਤੋਂ 55 ਸਾਲ ਦੇ ਵੱਡੇ ਭਰਾ ਸਤਪਾਲ ਸਤੂ ਦਾ ਕਤਲ ਕਰ ਦਿੱਤਾ।

ਮ੍ਰਿਤਕ ਦੇ ਬੇਟੇ ਕੁਲਦੀਪ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਕਾਲਾ ਸੰਘਿਆਂ ਦੇ ਪਿੰਡ ਪੱਟੀ ਆਲਮਗੀਰ ਵਿੱਚ ਪਤਨੀ, ਭੈਣ, ਮਾਂ ਤੇ ਦਾਦੀ ਨਾਲ ਰਹਿੰਦਾ ਹੈ। ਪਿਤਾ ਸਤਪਾਲ ਸਤੀ ਪਿੰਡ ਆਦੀ ਵਿੱਚ ਆਪਣੇ ਘਰ ਇਕੱਲੇ ਰਹਿੰਦੇ ਸੀ। ਨਸ਼ੇ ਦਾ ਆਦੀ ਚਾਚਾ ਸੁਖਦੇਵ ਅਕਸਰ ਘਰੋਂ ਬਾਹਰ ਰਹਿੰਦਾ ਸੀ। ਇਸੇ ਕਾਰਨ ਚਾਚੀ ਵੀ ਉਸ ਨੂੰ ਛੱਡ ਕੇ ਜਾ ਚੁੱਕੀ ਹੈ। ਇਸ ਵਾਰ ਵੀ ਚਾਚਾ ਅੱਠ ਮਹੀਨੇ ਬਾਅਦ ਪਿੰਡ ਆਇਆ ਸੀ ਅਤੇ ਪਿਛਲੇ ਕੁਝ ਦਿਨਾਂ ਤੋਂ ਪਿੰਡ ਵਿੱਚ ਰਹਿ ਰਿਹਾ ਸੀ। ਉਹ ਨਸ਼ੇ ਬਾਰੇ ਕਦੀ-ਕਦੀ ਘਰ ਵਿੱਚ ਪੈਸੇ ਮੰਗਣ ਆਉਂਦਾ ਸੀ ਅਤੇ ਉਸਦੇ ਪਿਤਾ ਨਾਲ ਝਗੜਾ ਕਰਦਾ ਸੀ। ਕੁਲਦੀਪ ਨੇ ਦੱਸਿਆ ਕਿ ਕੱਲ੍ਹ ਸਵੇਰੇ ਉਹ ਆਪਣੇ ਪਿਤਾ ਨੂੰ ਮਿਲਣ ਲਈ ਪਿੰਡ ਆਦੀ ਗਿਆ ਸੀ ਤਾਂ ਚਾਚਾ ਸੁਖਦੇਵ ਆਪਣੇ ਹੱਥ ਵਿੱਚ ਦਾਤਰ ਲੈ ਕੇ ਘਰ ਤੋਂ ਨਿਕਲਿਆ। ਉਸਦੇ ਕੱਪੜੇ ਖ਼ੂਨ ਨਾਲ ਭਰੇ ਹੋਏ ਸੀ। ਗਾਲਾਂ ਕੱਢਦੇ ਹੋਏ ਚਾਚਾ ਬੋਲ ਰਿਹਾ ਸੀ ਕਿ ਅੱਜ ਰੋਜ਼ ਦਾ ਕਲੇਸ਼ ਖ਼ਤਮ ਕਰ ਦਿੱਤਾ। ਉਸ ਨੇ ਘਰ ਜਾ ਕੇ ਦੇਖਿਆ ਤਾਂ ਗੇਟ ਦੇ ਸਾਹਮਣੇ ਖ਼ੂਨ ਨਾਲ ਲਥਪਥ ਪਿਤਾ ਦੀ ਲਾਸ਼ ਪਈ ਸੀ। ਥਾਣਾ ਮੁਖੀ ਸਿਕੰਦਰ ਸਿੰਘ ਨੇ ਕਿਹਾ ਕਿ ਕੇਸ ਦਰਜ ਕਰ ਲਿਆ ਹੈ।

# ਔਰਤ ਦਾ ਦੁਪੱਟਾ ਬਾਈਕ ਦੀ ਚੇਨ ਵਿੱਚ ਫਸਣ ਨਾਲ ਸਿਰ ਧੜ ਤੋਂ ਵੱਖ ਹੋ ਗਿਆ

ਕੋਟਕਪੂਰਾ, 7 ਜੂਨ (ਪੋਸਟ ਬਿਊਰੋ)- ਕੋਟਕਪੂਰਾ ਮੁਕਤਸਰ ਰੋਡ 'ਤੇ ਪਿੰਡ ਵਾੜਾ ਦਰਾਕਾ ਦੇ ਨੇੜੇ ਬਾਈਕ 'ਤੇ ਜਾ ਰਹੀ ਔਰਤ ਦਾ ਦੁਪੱਟਾ ਬਾਈਕ ਦੀ ਚੇਨ ਵਿੱਚ ਫਸ ਗਿਆ ਅਤੇ ਉਹ ਝਟਕੇ ਨਾਲ ਹੇਠਾਂ ਡਿੱਗ ਪਈ। ਹਾਦਸਾ ਇੰਨਾ ਭਿਆਨਕ ਸੀ ਕਿ ਝਟਕੇ ਨਾਲ ਔਰਤ ਦਾ ਸਿਰ ਧੜ ਨਾਲੋਂ ਕਰੀਬ ਪੰਜ ਫੁੱਟ ਦੂਰ ਜਾ ਕੇ ਡਿੱਗਿਆ।




ਕੋਟਕਪੂਰਾ ਦੇ ਮੁਕਤਸਰ ਰੋਡ ਦੀ ਘੁਮਿਆਰਾਂ ਵਾਲੀ ਗਲੀ ਦੇ ਵਾਸੀ ਗੁਰਮੇਲ ਸਿੰਘ ਨੇ ਦੱਸਿਆ ਕਿ ਉਸ ਦੀ 65 ਸਾਲਾ ਪਤਨੀ ਸੁਖਪਾਲ ਕੌਰ ਆਪਣੀ ਮੁਕਤਸਰ ਰਹਿੰਦੀ ਧੀ ਨੂੰ ਮਿਲਣ ਲਈ ਗੁਆਂਢੀ ਵਿਨੋਦ ਕੁਮਾਰ ਨਾਲ ਕੱਲ੍ਹ ਸਵੇਰੇ ਘਰੋਂ ਗਈ ਸੀ। ਵਿਨੋਦ ਰੋਜ਼ਾਨਾ ਮੁਕਤਸਰ ਬਾਈਕ 'ਤੇ ਜਾਂਦਾ ਸੀ। ਵਿਨੋਦ ਦੇ ਨਾਲ ਉਸ ਦਾ ਦੋਸਤ ਨੀਰਜ ਸ਼ਰਮਾ ਵੀ ਸੀ। ਜਦੋਂ ਉਨ੍ਹਾਂ ਦੀ ਬਾਈਕ ਪਿੰਡ ਵਾੜਾ ਦਰਾਕਾ ਦੇ ਨੇੜੇ ਪਹੁੰਚੀ ਤਾਂ ਅਚਾਨਕ ਸੁਖਪਾਲ ਕੌਰ ਦਾ ਦੁਪੱਟਾ ਬਾਈਕ ਵਿੱਚ ਫਸ ਗਿਆ ਅਤੇ ਇਸ ਨਾਲ ਲੱਗੇ ਝਟਕੇ ਅਤੇ ਦੁਪੱਟੇ ਦੇ ਘੇਰੇ ਵਿੱਚ ਫਸਣ ਕਾਰਨ ਸੁਖਪਾਲ ਕੌਰ ਦਾ ਸਿਰ ਧੜ ਨਾਲੋਂ ਅਲੱਗ ਹੋ ਕੇ ਬਾਈਕ ਤੋਂ ਤਕਰੀਬਨ ਪੰਜ ਫੁੱਟ ਦੂਰ ਜਾ ਡਿੱਗਾ। ਪੁਲਸ ਨੇ ਮ੍ਰਿਤਕਾ ਦੇ ਪਤੀ ਗੁਰਮੇਲ ਸਿੰਘ ਦੇ ਬਿਆਨ 'ਤੇ ਧਾਰਾ 174 ਦੀ ਕਾਰਵਾਈ ਕਰਦੇ ਹੋਏ ਮਾਮਲਾ ਦਰਜ ਕਰ ਲਿਆ ਹੈ।

# ਬਠਿੰਡਾ ਵਿਖੇ ਭਰੂਣ ਲਿੰਗ ਜਾਂਚ ਕਰਦੇ ਡਾਕਟਰਾਂ ਸਣੇ ਤਿੰਨ ਕਾਬੂ

ਬਠਿੰਡਾ, 7 ਜੂਨ (ਪੋਸਟ ਬਿਊਰੋ)- ਹਰਿਆਣਾ ਦੇ ਰਤੀਆਂ ਦੇ ਦਲਾਲਾਂ ਤੇ ਬਠਿੰਡਾ ਦੇ ਦੋ ਆਰ ਐਮ ਪੀ ਡਾਕਟਰਾਂ ਦੀ ਮਿਲੀਭਗਤ ਨਾਲ ਇੱਕ ਨਿੱਜੀ ਹਸਪਤਾਲ ਵਿੱਚ ਭਰੂਣ ਲਿੰਗ ਜਾਂਚ ਕਰਨ ਦਾ ਖੁਲਾਸਾ ਹੋਇਆ ਹੈ। ਡਾ. ਬੁਧਰਾਮ ਦੀ ਅਗਵਾਈ ਵਿੱਚ ਪੰਜ ਮੈਂਬਰੀ ਟੀਮ ਨੇ ਪੁਲਸ ਨੂੰ ਨਾਲ ਲੈ ਕੇ ਇੰਦਰਾਣੀ ਹਸਪਤਾਲ ਵਿੱਚ ਰੇਡ ਕਰ ਡਾਕਟਰ ਅਤੇ ਦੋ ਦਲਾਲਾਂ ਨੂੰ ਭਰੂਣ ਲਿੰਗ ਜਾਂਚ ਕਰਦੇ ਫੜਿਆ ਅਤੇ ਤੀਸਰੇ ਨੂੰ ਉਸਦੇ ਘਰ ਤੋਂ ਫੜਿਆ। ਸਿਰਸਾ ਦੀ ਟੀਮ ਨੇ ਦੋਵਾਂ ਆਰ ਐਮ ਪੀ ਡਾਕਟਰਾਂ, ਸਰਦੂਲਗੜ੍ਹ ਅਤੇ ਰਤੀਆ ਦੇ ਤਿੰਨ ਦਲਾਲਾਂ ਉੱਤੇ ਕੇਸ ਦਰਜ ਕਰਨ ਦੀ ਲਿਖਤੀ ਸਿਫਾਰਿਸ਼ ਜ਼ਿਲ੍ਹਾ ਅਥਾਰਟੀ ਕਮੇਟੀ ਬਠਿੰਡਾ ਨੂੰ ਕੀਤੀ ਹੈ। ਹਸਪਤਾਲ ਵਿੱਚ ਰੱਖੀ ਇਕੋ ਮਸ਼ੀਨ ਦੇ ਜ਼ਰੀਏ ਇਹ ਦਲਾਲ ਅਤੇ ਆਰ ਐਮ ਪੀ ਡਾਕਟਰ ਭਰੂਣ ਲਿੰਗ ਜਾਂਚ ਕਰਦੇ ਸਨ। ਉਸ ਦੇ ਮਾਲਿਕ ਡਾਕਟਰ ਦੀ ਭੂਮਿਕਾ ਦੀ ਜਾਂਚ ਦੇ ਲਈ ਵੀ ਲਿਖਿਆ ਗਿਆ ਹੈ। ਸਿਰਸਾ ਦੇ ਨੋਡਲ ਬੁਧਰਾਮ ਨੇ ਦੱਸਿਆ ਕਿ ਸਿਵਲ ਸਰਜਨ ਸਿਰਸਾ ਨੂੰ ਸੂਚਨਾ ਮਿਲੀ ਸੀ ਕਿ ਰਤੀਆ ਦਾ ਇੱਕ ਜੋੜਾ ਭਰੂਣ ਲਿੰਗ ਜਾਂਚ ਦੀ ਦਲਾਲੀ ਕਰਦਾ ਹੈ। ਇਸ ਦੇ ਬਾਅਦ ਟੀਮ ਨੇ ਇੱਕ ਗਰਭਵਤੀ ਆਸ਼ਾ ਵਰਕਰ ਨੂੰ ਰਤੀਆ ਦੀ ਦਲਾਲ ਰੁਪਿੰਦਰ ਕੌਰ ਕੋਲ ਭੇਜਿਆ। ਰੁਪਿੰਦਰ ਦੇ ਪਤੀ ਜੁਗਰਾਜ ਸਿੰਘ ਨੇ ਜਾਂਚ ਕਰਨ ਦੇ ਲਈ 42 ਹਜ਼ਾਰ ਵਿਚ ਸੌਦਾ ਕੀਤਾ। ਇਸ ਦੇ ਬਾਅਦ ਜੁਗਰਾਜ ਸਿੰਘ ਰਿਸ਼ਤੇਦਾਰ ਦਲਾਲ ਗੁਰਜੀਤ ਸਿੰਘ ਗਰਭਵਤੀ ਆਸ਼ਾ ਵਰਕਰ ਦੇ ਭਰੂਣ ਲਿੰਗ ਜਾਂਚ ਲਈ ਬਠਿੰਡਾ ਆਰ ਐਮ ਪੀ ਡਾਕਟਰ ਜਗਤਾਰ ਸਿੰਘ ਦੇ ਕੋਲ ਆਏ। ਜਗਤਾਰ ਸਿੰਘ ਇੱਕ ਹੋਰ ਆਰ ਐਮ ਪੀ ਡਾਕਟਰ ਬਜਰੰਗ ਲਾਲ ਦੇ ਨਾਲ ਉਸ ਨੂੰ ਲੈ ਕੇ ਹਸਪਤਾਲ ਗਿਆ ਤੇ ਇਸ ਆਸ਼ਾ ਵਰਕਰ ਦੀ ਭਰੂਣ ਲਿੰਗ ਜਾਂਚ ਕੀਤੀ ਅਤੇ ਦੱਸਿਆ ਕਿ ਉਸਦੇ ਗਰਭ ਵਿੱਚ ਲੜਕਾ ਹੈ। ਇਸ ਦੇ ਬਾਅਦ ਪੀ ਐਨ ਡੀ ਟੀ ਸੈਲ ਅਤੇ ਪੁਲਸ ਟੀਮ ਨੇ ਜਗਤਾਰ ਸਿੰਘ ਅਤੇ ਗੁਰਜੀਤ ਸਿੰਘ ਨੂੰ ਜਾ ਫੜਿਆ।





# ਟਰੰਪ ਵੱਲੋਂ ਜਰਮਨੀ ਤੋਂ ਫ਼ੌਜ ਵਾਪਸ ਬੁਲਾਉਣ ਦਾ ਫੈਸਲਾ

ਵਾਸ਼ਿੰਗਟਨ, 7 ਜੂਨ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਰਮਨੀ ਵਿਚਲੇ ਹਜ਼ਾਰਾਂ ਅਮਰੀਕੀ ਫੌਜੀਆਂ ਨੂੰ ਵਾਪਸ ਸੱਦਣ ਦਾ ਐਲਾਨ ਕੀਤਾ ਹੈ। ਦੂਜੀ ਸੰਸਾਰ ਜੰਗ ਪਿੱਛੋਂ ਅਮਰੀਕਾ ਉਥੇ ਆਪਣੇ ਫੌਜੀਆਂ ਰੱਖਦਾ ਰਿਹਾ ਹੈ ਅਤੇ ਇਸ ਸਮੇਂ ਵੀ ਜਰਮਨੀ ਵਿੱਚ 34,500 ਅਮਰੀਕੀ ਫੌਜੀ ਮੌਜੂਦ ਹਨ।

ਵਾਲ ਸਟਰੀਟ ਜਰਨਲ ਅਤੇ ਵਾਸ਼ਿੰਗਟਨ ਪੋਸਟ ਦੇ ਮੁਤਾਬਕ ਇਸ ਫੈਸਲੇ ਦੇ ਬਾਅਦ ਜਰਮਨੀ ਵਿੱਚ ਅਮਰੀਕੀ ਫੌਜੀਆਂ ਦੀ ਗਿਣਤੀ ਘਟ ਕੇ 25 ਹਜ਼ਾਰ ਤੱਕ ਰਹਿ ਹੋ ਸਕਦੀ ਹੈ। ਜਰਮਨੀ ਦੇ ਦੋ ਕੰਜ਼ਰਵੇਟਿਵ ਪਾਰਲੀਮੈਂਟ ਮੈਂਬਰਾਂ ਨੇ ਅਮਰੀਕਾ ਦੇ ਇਸ ਫੈਸਲੇ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਇਹ ਫੈਸਲਾ ਲੈਣ ਤੋਂ ਪਹਿਲੇ ਟਰੰਪ ਪ੍ਰਸ਼ਾਸਨ ਨੇ ਆਪਣੇ ਨਾਟੋ ਸਹਿਯੋਗੀਆਂ ਨਾਲ ਕੋਈ ਚਰਚਾ ਨਹੀਂ ਕੀਤੀ। ਵਾਲ ਸਟਰੀਟ ਜਰਨਲ ਨੇ ਇੱਕ ਸੀਨੀਅਰ ਅਮਰੀਕੀ ਅਧਿਕਾਰੀ ਦੇ ਹਵਾਲੇ ਨਾਲ ਦੱਸਿਆ ਕਿ ਟਰੰਪ ਪ੍ਰਸ਼ਾਸਨ ਇਸ ਕਦਮ 'ਤੇ ਬੀਤੇ ਸਤੰਬਰ ਤੋਂ ਵਿਚਾਰ ਕਰ ਰਹੀ ਹੈ ਤੇ ਇਸ ਦਾ ਜਰਮਨੀ ਦੀ ਚਾਂਸਲਰ ਏਂਜਲਾ ਮਾਰਕਲ ਦੇ ਜੀ-7 ਸਿਖਰ ਸੰਮੇਲਨ ਵਿੱਚ ਨਾ ਜਾਣ ਦੇ ਫੈਸਲੇ ਨਾਲ ਕੋਈ ਸੰਬੰਧ ਨਹੀਂ। ਅਮਰੀਕੀ ਪਾਰਲੀਮੈਂਟ ਦੀ ਵਿਦੇਸ਼ ਸੰਬੰਧੀ ਮਾਮਲਿਆਂ ਦੀ ਕਮੇਟੀ ਦੇ ਪ੍ਰਧਾਨ ਏਲੀਅਟ ਏਂਜਲ ਨੇ ਇਸ ਨੂੰ ਬਿਨਾਂ ਸੋਚਣ ਤੋਂ ਲਿਆ ਗਿਆ ਫੈਸਲਾ ਦੱਸਿਆ ਹੈ। ਵਾਸ਼ਿੰਗਟਨ ਪੋਸਟ ਦੀ ਖਬਰ ਮੁਤਾਬਕ ਫੌਜੀਆਂ ਦੀ ਕਮੀ ਕਰਨ ਦਾ ਸੁਝਾਅ ਜਰਮਨੀ ਵਿੱਚ ਅਮਰੀਕੀ ਰਾਜਦੂਤ ਰਿਚਰਡ ਗ੍ਰੇਨੇਲ ਵੱਲੋਂ ਦਿੱਤਾ ਗਿਆ ਸੀ।

# ਅੱਠ ਦੇਸ਼ਾਂ ਦੇ ਪਾਰਲੀਮੈਂਟ ਮੈਂਬਰਾਂ ਨੇ ਚੀਨ ਉੱਤੇ ਪਲਟਵਾਰ ਲਈ ਨਵਾਂ ਗਠਜੋੜ ਬਣਾਇਆ

ਵਾਸ਼ਿੰਗਟਨ, 7 ਜੂਨ, (ਪੋਸਟ ਬਿਊਰੋ)- ਅਮਰੀਕਾ ਸਣੇ ਦੁਨੀਆ ਭਰ ਦੇ ਅੱਠ ਲੋਕਤੰਤਰੀ ਦੇਸ਼ਾਂ ਦੇ ਪਾਰਲੀਮੈਂਟ ਮੈਂਬਰਾਂ ਨੇ ਕਰਾਸ ਪਾਰਲੀਮੈਂਟਰੀ ਗੱਠਜੋੜ ਸ਼ੁਰੂ ਕੀਤਾ ਹੈ। ਇਹ ਗੱਠਜੋੜ ਚੀਨ ਦੇ ਵਧਦੇ ਪ੍ਰਭਾਵ ਹੇਠ ਅੰਤਰਰਾਸ਼ਟਰੀ ਵਪਾਰ, ਸੁਰੱਖਿਆ ਤੇ ਮਨੁੱਖੀ ਅਧਿਕਾਰਾਂ ਨੂੰ ਪੈਦਾ ਹੋਏ ਖ਼ਤਰਿਆਂ ਦਾ ਮੁਕਾਬਲੇ ਲਈ ਬੰਨ੍ਹਿਆ ਗਿਆ ਹੈ।



ਬਲੂਮਬਰਗ ਦੀ ਰਿਪੋਰਟ ਅਨੁਸਾਰ ਕ੍ਰਾਸ ਪਾਰਲੀਮਾਨੀ ਗੱਠਜੋੜ ਇਸ ਸ਼ੁੱਕਰਵਾਰ ਨੂੰ ਲਾਂਚ ਕੀਤਾ ਗਿਆ ਤੇ ਇਹ ਓਦੋਂ ਸ਼ੁਰੂ ਕੀਤਾ ਗਿਆ, ਜਦੋਂ ਚੀਨ ਦੇ ਵਧਦੇ ਆਰਥਿਕ ਤੇ ਕੂਟਨੀਤਕ ਦਾਬੇ ਨੂੰ ਘਟਾਉਣ ਲਈ ਅਮਰੀਕਾ ਇੱਕ ਵਡੇਰਾ ਗੱਠਜੋੜ ਬਣਾਉਣ ਦੇ ਯਤਨ ਵਿੱਚ ਹੈ। ਪਿੱਛੇ ਜਿਹੇ ਹਾਂਗ ਕਾਂਗ ਵਿਚ ਚੀਨ ਵੱਲੋਂ ਕੌਮੀ ਸੁਰੱਖਿਆ ਕਾਨੂੰਨ ਲਾਗੂ ਕਰਨ ਦੀ ਨਿੰਦਾ ਕਰਨ ਲਈ ਅਮਰੀਕਾ ਨੇ ਵਿਦੇਸ਼ੀ ਸਰਕਾਰਾਂ ਦੀ ਅਗਵਾਈ ਕੀਤੀ ਸੀ। ਇਸ ਚੀਨੀ ਕਾਨੂੰਨ ਨੂੰ ਹਾਂਗ ਕਾਂਗ ਵਾਸਤੇ ਖ਼ੁਦਮੁਖਤਿਆਰੀ ਲਈ ਖ਼ਤਰਾ ਦੱਸਿਆ ਜਾਂਦਾ ਹੈ।

ਨਵੇਂ ਬਣਾਏ ਪਾਰਲੀਮੈਂਟਰੀ ਗਰੁੱਪ ਨੇ ਕਿਹਾ ਹੈ ਕਿ ਇਸ ਦਾ ਮਕਸਦ ਚੀਨ ਨਾਲ ਜੁੜੇ ਮੁੱਦਿਆਂ ਬਾਰੇ ਢੁਕਵੀਂ ਤੇ ਤਾਲਮੇਲ ਵਾਲੀ ਰਾਏ ਪੈਦਾ ਕਰਨਾ ਅਤੇ ਇਸ ਨਾਲ ਜੁੜੇ ਮੁੱਦਿਆਂ ਬਾਰੇ ਸਰਗਰਮ ਅਤੇ ਰਣਨੀਤਕ ਪਹੁੰਚ ਪੈਦਾ ਕਰਨਾ ਹੈ। ਅਮਰੀਕਾ ਦੇ ਰਿਪਬਲੀਕਨ ਸੈਨੇਟਰ ਮਾਰਕੋ ਰੂਬੀਓ, ਡੈਮੋਕਰੇਟ ਬੌਬ ਮੈਨਡੇਜ਼, ਜਾਪਾਨ ਦੇ ਸਾਬਕਾ ਰੱਖਿਆ ਮੰਤਰੀ ਜਨਰਲ ਨਾਕਾਟਾਨੀ, ਯੂਰਪੀ ਪਾਰਲੀਮੈਂਟ ਦੀ ਵਿਦੇਸ਼ ਮਾਮਲਿਆਂ ਦੀ ਕਮੇਟੀ ਦੀ ਮੈਂਬਰ ਮੀਰੀਅਮ ਲੇਕਸਮੈਨ ਤੇ ਬ੍ਰਿਟੇਨ ਦੇ ਪ੍ਰਮੁੱਖ ਪਾਰਲੀਮੈਂਟ ਮੈਂਬਰ ਇਆਨ ਡੰਕਨ ਸਮਿੱਥ ਇਸ ਨਵੇਂ ਬਣੇ ਗਰੁੱਪ ਦੇ ਕੋ-ਪ੍ਰੈਜ਼ੀਡੈਂਟ ਹਨ।

ਇਸ ਦੌਰਾਨ ਚੀਨ ਨੇ ਵਾਰ-ਵਾਰ ਜ਼ੋਰ ਦਿੱਤਾ ਹੈ ਕਿ ਹਾਂਗ ਕਾਂਗ ਦੇ ਹਾਲਾਤ ਉਸ ਦਾ ਅੰਦਰੂਨੀ ਮੁੱਦਾ ਹਨ ਤੇ ਉਹ ਇਹ ਵੀ ਕਹਿੰਦਾ ਹੈ ਕਿ ਚੀਨ ਦੀ ਵੱਡੇ ਪੱਧਰ ਦੀ ਆਰਥਿਕ ਤੇ ਕੂਟਨੀਤਕ ਤਰੱਕੀ ਦੁਨੀਆਂ ਲਈ ਖਤਰਾ ਨਹੀਂ। ਚੀਨ ਦੇ ਖਿਲਾਫ ਗੱਠਜੋੜ ਵਿਚ ਅਮਰੀਕਾ, ਜਰਮਨੀ, ਬ੍ਰਿਟੇਨ, ਜਾਪਾਨ, ਆਸਟਰੇਲੀਆ, ਕੈਨੇਡਾ, ਸਵੀਡਨ, ਨਾਰਵੇ ਅਤੇ ਯੂਰਪੀ ਪਾਰਲੀਮੈਂਟ ਦੇ ਮੈਂਬਰ ਵੀ ਸ਼ਾਮਲ ਦੱਸੇ ਗਏ ਹਨ।

# ਆਸਟ੍ਰੇਲੀਆ 'ਚ ਪੰਜਾਬੀ ਵਿਦਿਆਰਥਣ ਉੱਤੇ ਨਸਲੀ ਹਮਲਾ ਕਰ ਕੇ ਜ਼ਖ਼ਮੀ ਕੀਤਾ



ਮੈਲਬੌਰਨ, 7 ਜੂਨ (ਪੋਸਟ ਬਿਊਰੋ)- ਆਸਟ੍ਰੇਲੀਆ 'ਚ ਅੰਤਰਰਾਸ਼ਟਰੀ ਪੰਜਾਬੀ ਵਿਦਿਆਰਥਣ 'ਤੇ ਨਸਲੀ ਹਮਲਾ ਕਰ ਕੇ ਜ਼ਖ਼ਮੀ ਕਰ ਦਿੱਤਾ ਗਿਆ, ਜਦੋਂ ਉਹ ਆਪਣੀ ਸਹੇਲੀ ਨਾਲ ਬੱਸ ਬੱਸ ਦੀ ਉਡੀਕ ਕਰ ਰਹੀ ਸੀ।

ਰੁਪਿੰਦਰ ਕੌਰ ਨੇ ਦੱਸਿਆ ਕਿ ਉਸ ਦੇ ਚਿਹਰੇ 'ਤੇ ਉਨ੍ਹਾਂ ਲੋਕਾਂ ਵੱਲੋਂ ਕੋਲਡਸ ਡਰਿੰਕ ਦੀ ਬੋਤਲ ਪਾਈ ਅਤੇ ਕਿਹਾ ਗਿਆ ਕਿ ਉਹ ਕੋਵਿਡ-19 ਦਾ ਟੈਸਟ ਵੀ ਕਰਵਾ ਲਵੇ। ਉਹ ਲੋਕ ਉਸ ਨੂੰ ਨਸਲੀ ਗਾਲ੍ਹਾਂ ਵੀ ਕੱਢਦੇ ਰਹੇ ਕਿ ਤੁਸੀਂ ਆਪਣੇ ਦੇਸ਼ ਜਾਓ, ਇਥੇ ਕਿਉਂ ਆਏ ਹੋ। ਇਹ ਹਾਦਸਾ ਵੈਰੀਬੀ ਪਲਾਜ਼ਾ ਦੇ ਕੋਲ ਵਾਪਰਿਆ। ਉਸ ਨੇ ਕਿਹਾ ਕਿ ਉਹ ਲੋਕ ਉਨ੍ਹਾਂ ਵੱਲ ਬਹੁਤ ਭੈੜੇ ਇਸ਼ਾਰੇ ਕਰ ਰਹੇ ਸੀ। ਉਨ੍ਹਾਂ ਨੇ ਉਸ ਦੀ ਸਹੇਲੀ ਦੇ ਉਪਰ ਵੀ ਥੁੱਕਿਆ ਜਦੋਂ ਉਹ ਬੱਸ 'ਚ ਸਵਾਰ ਹੋ ਕੇ ਹੋਪਰ ਕਰਾਸਿੰਗ ਜਾ ਰਹੀ ਸੀ। ਉਹ ਬੱਸ 'ਚ ਚੜ੍ਹ ਗਏ ਅਤੇ ਸ਼ੀਸ਼ਿਆਂ ਤੇ ਬਾਰੀਆਂ ਨੂੰ ਬੁਰੀ ਤਰ੍ਹਾਂ ਲੱਤਾਂ ਮਾਰ ਕੇ ਤੋੜਨ ਲੱਗੇ। ਰਪਿੰਦਰ ਕੌਰ ਨੇ ਦੱਸਿਆ ਕਿ ਇੱਕ ਔਰਤ ਨੇ ਉਸ ਦੇ ਮੂੰਹ 'ਤੇ ਮੁੱਕਾ ਮਾ- ਰਆ, ਜਿਸ ਕਰਕੇ ਉਹ ਜ਼ਖ਼ਮੀ ਹੋ ਗਈ। ਉਸ ਨੇ ਬੱਸ ਡਰਾਈਵਰ ਨੂੰ ਪੁਲਸ ਸੱਦਣ ਲਈ ਕਿਹਾ, ਜਦੋਂ ਤੱਕ ਪੁਲਸ, ਐਂਬੂਲੈਂਸ ਆਈ ਉਸਦੇ ਕੱਪੜੇ ਬੁਰੀ ਤਰ੍ਹਾਂ ਖ਼ੂਨ ਨਾਲ ਭਰ ਚੁੱਕੇ ਸੀ ਤੇ ਦੋਸ਼ੀ ਉਥੋਂ ਦੌੜ ਗਏ ਸੀ।

# ਅਪਰੇਸ਼ਨ ਬਲਿਊ ਸਟਾਰ ਵਿੱਚ ਮਾਰਗਰੇਟ ਥੈਚਰ ਦੀ ਭੂਮਿਕਾ ਦੀ ਜਾਂਚ ਦੀ ਮੰਗ ਉੱਠੀ

ਲੰਡਨ, 7 ਜੂਨ (ਪੋਸਟ ਬਿਊਰੋ)- ਬਰਤਾਨਵੀ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਲੇਬਰ ਪਾਰਟੀ ਦੇ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ 'ਅਪਰੇਸ਼ਨ ਬਲੂ ਸਟਾਰ' (ਜੂਨ 1984) ਵੇਲੇ ਓਦੋਂ ਬ੍ਰਿਟਿਸ਼ ਪ੍ਰਧਾਨ ਮੰਤਰੀ ਮਾਰਗ੍ਰੈਟ ਥੈਚਰ ਦੀ ਸਰਕਾਰ ਦੀ ਸ਼ਮੂਲੀਅਤ ਦੀ ਆਜ਼ਾਦਾਨਾ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।



ਐਮਪੀ ਤਨਮਨਜੀਤ ਸਿੰਘ ਢੇਸੀ

ਢੇਸੀ ਨੇ ਕਿਹਾ ਕਿ ਇਸ ਗੱਲ ਦੀ ਖੁੱਲ੍ਹੀ ਜਾਂਚ ਹੋਣੀ ਚਾਹੀਦੀ ਹੈ ਕਿ ਥੈਚਰ ਦੀ ਸਰਕਾਰ ਕਿਸ ਹੱਦ ਤੱਕ ਇਸ ਕਾਰਵਾਈ ਦੀ ਹਿੱਸਾ ਬਣੀ ਸੀ। ਬ੍ਰਿਟੇਨ ਦੇ ਪਹਿਲੇ ਪੱਗੜੀਧਾਰੀ ਸਿੱਖ ਪਾਰਲੀਮੈਂਟ ਮੈਂਬਰ ਨੇ ਕੱਲ੍ਹ ਇਹ ਮੁੱਦਾ 'ਹਾਊਸ ਆਫ਼ ਕਾਮਨਜ਼' ਵਿੱਚ ਉਠਾਇਆ ਅਤੇ ਕਿਹਾ ਕਿ ਸ੍ਰੀ ਹਰਿਮੰ- ਦਰ ਸਾਹਿਬ ਅੰਮ੍ਰਿਤਸਰ ਉਤੇ ਇੰਦਰਾ ਗਾਂਧੀ ਸਰਕਾਰ ਵੇਲੇ ਕੀਤੇ ਗਏ ਹਮਲੇ ਨੂੰ 36 ਸਾਲ ਹੋ ਚੱਲੇ ਹਨ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਦੌਰਾਨ 'ਬਲੂ ਸਟਾਰ' ਬਾਰੇ ਕਈ ਖੁਲਾਸੇ ਹੋਣ ਤੇ ਬਰਤਾਨਵੀ ਸਿੱਖ ਭਾਈਚਾਰੇ ਵੱਲੋਂ ਆਜ਼ਾਦ ਜਾਂਚ ਦੀ ਮੰਗ ਰੱਖਣ ਦੇ ਬਾਵਜੂਦ ਇਸ ਬਾਰੇ ਕੋਈ ਕਦਮ ਨਹੀਂ ਚੁੱਕਿਆ ਗਿਆ। ਹਾਊਸ ਆਫ ਕਾਮਨਜ਼ ਦੇ ਆਗੂ ਜੈਕਬ ਰੀਸ-ਮੌਗ ਨੇ ਸਰਕਾਰ ਵੱਲੋਂ ਪ੍ਰਤੀਕਿਰਿਆ ਦਿੰਦਿਆਂ ਅਪਰੇਸ਼ਨ ਬਲੂ ਸਟਾਰ ਦੀ ਵਰ੍ਹੇਗੰਢ ਨੂੰ 'ਅਹਿਮ ਤਰੀਕ' ਕਰਾਰ ਦਿੱਤਾ।

# ਪਾਕਿਸਤਾਨ ਦੇ ਸਾਬਕਾ ਗ੍ਰਹਿ ਮੰਤਰੀ ਉੱਤੇ ਅਮਰੀਕੀ ਔਰਤ ਵੱਲੋਂ ਬਲਾਤਕਾਰ ਦਾ ਦੋਸ਼

ਲਾਹੌਰ, 7 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਗ੍ਰਹਿ ਮੰਤਰੀ ਰਹਿਮਾਨ ਮਲਿਕ ਉੱਤੇ ਅਮਰੀਕੀ ਦੀ ਇੱਕ ਔਰਤ ਸਿੰਥੀਆ ਡੀ ਰਿਚੀ ਨੇ ਬਲਾਤਕਾਰ ਦਾ ਦੋਸ਼ ਲਾਇਆ ਹੈ।



ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਮੁੱਖ ਵਿਰੋਧੀਆਂ ਵਿੱਚ ਸ਼ਾਮਲ ਸਿੰਥੀਆ, ਜਿਸ ਦਾ ਵਿਵਾਦਾਂ ਅਤੇ ਦੋਸ਼ਾਂ ਨਾਲ ਲੰਬਾ ਰਿਸ਼ਤਾ ਰਿਹਾ ਹੈ, ਨੇ ਆਪਣੇ ਇੱਕ ਬਲਾਗ ਵਿੱਚ ਪਾਕਿ- ਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਖਿਲਾਫ ਇੱਕ ਵਾਰ ਇਤਰਾਜ਼ਯੋਗ ਟਿੱਪਣੀ ਕੀਤੀ ਸੀ, ਜਿਸ ਤੋਂ ਬਾਅਦ ਪੀ ਪੀ ਪੀ ਕਾਰਕੁਨਾਂ ਨੇ ਉਸ ਦੇ ਖਿਲਾਫ ਕਈ ਕੇਸ ਦਰਜ਼ ਕਰਵਾਏ ਸਨ। ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ ਵੀ ਸਿੰਥੀਆ ਦੇ ਖਿਲਾਫ ਅਜੇ ਤੱਕ ਜਾਂਚ ਕਰ ਰਹੀ ਹੈ। ਇਸ ਤੋਂ ਬਾਅਦ ਉਸ ਨੇ ਪੀ ਪੀ ਪੀ ਦੇ ਕਈ ਸਾਬਕਾ ਨੇਤਾਵਾਂ 'ਤੇ ਸਨਸਨੀਖੇਜ਼ ਦੋਸ਼ ਲਾਏ ਹਨ। ਕੱਲ੍ਹ ਉਸ ਨੇ ਕਿਹ ਕਿ ਉਸ ਨਾਲ ਸਾਬਕਾ ਗ੍ਰਹਿ ਮੰਤਰੀ ਅਤੇ ਪੀ ਪੀ ਪੀ ਨੇਤਾ ਰਹਿਮਾਨ ਮਲਿਕ ਨੇ ਸਾਲ 2011 ਵਿੱਚ ਬਲਾਤਕਾਰ ਕੀਤਾ ਸੀ। ਸਿੰਥੀਆ ਨੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਅਤੇ ਓਦੋਂ ਵਾਲੇ ਸਿਹਤ ਮੰਤਰੀ ਮਖਦੂਮ ਸ਼ਹਾਬੁਦੀਨ 'ਤੇ ਵੀ ਸਰੀਰਕ ਅਤੇ ਮਾਨਸਿਕ ਤਸ਼ੱਦਦ ਕਰਨ ਦਾ ਦੋਸ਼ ਲਾਇਆ ਹੈ। ਉਸ ਨੇ ਨੇ ਕਿਹਾ ਕਿ ਉਸ ਨੂੰ ਪਾਕਿਸਤਾਨ ਪੀਪਲਜ਼ ਪਾਰਟੀ ਵੱਲੋਂ ਧਮਕੀਆਂ ਮਿਲ ਰਹੀਆਂ ਹਨ।

# ਜਾਰਡਨ ਨੇ ਨਸਲਵਾਦ ਦੇ ਖਿਲਾਫ ਜੰਗ ਲਈ 756 ਕਰੋੜ ਦਿੱਤੇ

ਨਿਊ ਯਾਰਕ, 7 ਜੂਨ (ਪੋਸਟ ਬਿਊਰੋ)- ਅਮਰੀਕੀ ਬਾਸਕਟਬਾਲ ਸਟਾਰ ਮਾਈਕਲ ਜਾਰਡਨ ਸਮਾਜਕ ਨਿਆਂ ਅਤੇ ਨਸਲਵਾਦ ਦੇ ਖਿਲਾਫ ਲੜ ਰਹੇ ਸੰਗਠਨਾਂ ਨੂੰ 100 ਮਿਲੀਅਨ ਡਾਲਰ ਦਾਨ ਕਰਨਗੇ। ਜਾਰਡਨ ਅਤੇ ਉਨ੍ਹਾਂ ਦਾ ਬ੍ਰਾਂਡ ਇਸ ਖੇਤਰ ਵਿੱਚ ਕੰਮ ਕਰ ਰਹੇ ਸੰਗਠਨਾਂ ਨੂੰ ਅਗਲੇ 10 ਸਾਲਾਂ ਤੱਕ ਧਨ ਰਾਸ਼ੀ ਦੇਵੇਗਾ। ਇਹ ਡੋਨੇਸ਼ਨ ਫੇਸਬੁਕ ਅਤੇ ਅਮੇਜ਼ਨ ਤੋਂ 10 ਗੁਣਾ ਵੱਧ ਹੈ। ਇਨ੍ਹਾਂ ਦੋਵਾਂ ਕੰਪਨੀਆਂ ਨੇ ਸਮਾਜੀ ਨਿਆਂ ਵਾਲੇ ਖੇਤਰ ਵਿੱਚ ਕੰਮ ਕਰ ਰਹੇ ਸੰਗਠਨਾਂ ਨੂੰ 10 ਮਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਜਾਰਡਨ ਨੇ ਅਮਰੀਕਾ ਵਿੱਚ ਗੈਰ-ਗੋਰੇ ਨਾਗਰਿਕ ਜਾਰਜ ਫਲਾਇਡ ਦੀ ਹੱਤਿਆ 'ਤੇ ਦੁੱਖ ਜ਼ਾਹਰ ਕਰਦੇ ਹੋਏ ਕਿਹਾ ਸੀ, ਮੈਂ ਇਸ ਤੋਂ ਦੁਖੀ ਅਤੇ ਗੁੱਸੇ ਵਿੱਚ ਹਾਂ। ਮੇਰੀ ਹਮਦਰਦੀ ਫਲਾਇਡ ਦੇ ਪਰਵਾਰ ਦੇ ਇਲਾਵਾ ਉਨ੍ਹਾਂ ਅਣਗਿਣਤ ਲੋਕਾਂ ਦੇ ਨਾਲ ਹੈ, ਜਿਨ੍ਹਾਂ ਨੇ ਨਸਲੀ ਵਿਤਕਰੇ ਤੇ ਅਨਿਆਂ ਦੇ ਕਾਰਨ ਜਾਨ ਗਵਾਈ ਹੈ।

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment


(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਫਿਲਮੀ ਦੁਨੀਆਂ



## ਰਿਤਿਕ ਦੀ ਦੀਵਾਨੀ ਸਾਰਾ

ਆਪਣੀ ਪਹਿਲੀ ਫਿਲਮ 'ਕੇਦਾਰਨਾਥ' ਨਾਲ ਸਾਰਾ ਅਲੀ ਖਾਨ ਨੇ ਖੁਦ ਨੂੰ ਇੱਕ ਬਿਹਤਰੀਨ ਅਭਿਨੇਤਰੀ ਸਾਬਿਤ ਕੀਤਾ ਹੈ। ਉਹ ਆਪਣੀਆਂ ਫਿਲਮਾਂ ਅਤੇ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਮਜ਼ੇਦਾਰ ਪੋਸਟਾਂ ਦੇ ਨਾਲ ਵੀ ਅਕਸਰ ਸੁਰਖੀਆਂ ਵਿੱਚ ਛਾਈ ਰਹਿੰਦੀ ਹੈ। ਪਿੱਛੇ ਜਿਹੇ ਉਸ ਨੇ ਦੱਸਿਆ ਕਿ ਕਿਸ ਤਰ੍ਹਾਂ ਬਚਪਨ ਤੋਂ ਹੀ ਉਹ ਰਿਤਿਕ ਰੋਸ਼ਨ ਤੇ ਫਿਲਮਾਂ ਵਿੱਚ ਉਸ ਵੱਲੋਂ ਨਿਭਾਏ ਜਾਣ ਵਾਲੇ ਕਿਰਦਾਰਾਂ ਦੀ ਦੀਵਾਨੀ ਸੀ। ਰਿਤਿਕ ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਉਸ ਨੇ ਦੱਸਿਆ ਕਿ ਉਹ ਹਮੇਸ਼ਾ ਤੋਂ ਉਸ ਤੋਂ ਪ੍ਰੇਰਤ ਰਹੀ ਹੈ। ਰਿਤਿਕ ਅੱਜ ਮਾਇਆ ਨਗਰੀ ਦੇ ਸਫਲ ਸਿਤਾਰਿਆਂ 'ਚੋਂ ਇੱਕ ਹੈ। ਤਰ੍ਹਾਂ-ਤਰ੍ਹਾਂ ਦੇ ਕਿਰਦਾਰਾਂ ਨੂੰ ਪੂਰੀ ਸ਼ਿੱਦਤ ਨਾਲ ਨਿਭਾਉਂਦੇ ਹੋਏ ਉਹ ਬਾਲੀਵੁੱਡ ਦੇ ਸਭ ਤੋਂ ਭਰੋਸੇਮੰਦ ਅਭਿਨੇਤਾਵਾਂ 'ਚੋਂ ਇੱਕ ਬਣ ਚੁੱਕਾ ਹੈ। ਸਾਰੇ ਜਾਣਦੇ ਹਨ ਕਿ ਰਿਤਿਕ ਆਪਣੇ ਪ੍ਰਸ਼ੰਸਕਾਂ ਦਰਮਿਆਨ ਕਿੰਨ ਲੋਕਪ੍ਰਿਯ ਹੈ ਅਤੇ ਸਾਰਾ ਨੇ ਵੀ ਸਵੀਕਾਰ ਕੀਤਾ ਹੈ ਕਿ ਉਹ ਉਸ ਦੇ ਨਾਲ ਕੰਮ ਕਰਨਾ ਪਸੰਦ ਕਰੇਗੀ।

ਸਾਰਾ ਨੇ ਕਿਹਾ, ''ਮੈਨੂੰ ਉਨ੍ਹਾਂ ਦਾ ਕੰਮ ਪਸੰਦ ਹੈ। ਜੇ ਤੁਸੀਂ ਮੈਨੂੰ 'ਜੋਧਾ ਅਕਬਰ' ਤੇ 'ਧੂਮ 2' ਵਿੱਚੋਂ ਕਿਸੇ ਇੱਕ ਦੀ ਚੋਣ ਕਰਨ ਲਈ ਕਹੋ ਤਾਂ ਮੈਂ ਨਹੀਂ ਕਰ ਸਕਦੀ। ਰਿਤਿਕ ਸਰ ਮੇਰੇ ਲਈ ਅਜਿਹੇ ਹੀ ਹਨ। ਮੈਨੂੰ ਲੱਗਦਾ ਹੈ ਕਿ ਉਹ ਅਨੋਖਾ ਹੈ।'' ਸਾਰਾ ਨੇ ਕਿਹਾ ਕਿ ਰਿਤਿਕ ਨਾਲ ਕੰਮ ਕਰਨ ਵਿੱਚ ਉਸ ਨੂੰ ਖੁਸ਼ੀ ਹੋਵੇਗੀ। ਆਪਣੇ ਬਚਪਨ ਦੇ ਆਕਰਸ਼ਣ ਬਾਰੇ ਸਾਰਾ ਨੇ ਖੁਲਾਸਾ ਕੀਤਾ ਕਿ 'ਧੂਮ 2' ਵਿੱਚ ਰਿਤਿਕ ਦਾ ਕਿਰਦਾਰ ਉਸ ਦੇ ਬਚਪਨ ਦਾ 'ਕਰੱਸ਼' ਰਿਹਾ ਹੈ।

## ਹਿਜਾਬ ਪਹਿਨ ਕੇ ਐਕਸ਼ਨ ਕਰੇਗੀ ਆਹਨਾ



ਹਿੰਦੀ ਫਿਲਮਾਂ ਵਿੱਚ ਅਭਿਨੇਤਰੀਆਂ ਨੂੰ ਐਕਸ਼ਨ ਫਿਲਮਾਂ ਕਰਨ ਦਾ ਮੌਕਾ ਘੱਟ ਹੀ ਮਿਲਦਾ ਹੈ। ਅਜਿਹਾ ਮੰਨਣਾ ਹੈ ਅਭਿਨੇਤਰੀ ਆਹਨਾ ਕੁਮਰਾ ਦਾ। ਉਹ ਖੁਦ ਨੂੰ ਖੁਸ਼ਕਿਸਮਤ ਮੰਨਦੀ ਹੈ ਕਿ ਅਗਲੀ ਫਿਲਮ 'ਖੁਦਾ ਹਾਫਿਜ਼' ਵਿੱਚ ਉਸ ਨੂੰ ਭਰਪੂਰ ਐਕਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ। ਫਿਲਮ ਵਿੱਚ ਉਹ ਅਰੈਬਿਕ ਏਜੰਟ ਦਾ ਕਿਰਦਾਰ ਨਿਭਾ ਰਹੀ ਹੈ ਅਤੇ ਇਸ ਫਿਲਮ ਵਿੱਚ ਉਹ ਅਰਬੀ ਭਾਸ਼ਾ ਵੀ ਬੋਲਦੀ ਨਜ਼ਰ ਆਏਗੀ। ਆਹਨਾ ਦਾ ਕਹਿਣਾ ਹੈ ਕਿ ਇਸ ਫਿਲਮ ਦੌਰਾਨ ਉਸ ਨੂੰ ਸਭ ਕੁਝ ਸਿੱਖਣ ਦਾ ਮੌਕਾ ਮਿਲਿਆ, ਜੋ ਲੜਕੀ ਹੋਣ ਕਾਰਨ ਸਿੱਖਣ ਨੂੰ ਨਹੀਂ ਮਿਲਦਾ। ਫਿਲਮ ਵਿੱਚ ਹਿਜਾਬ ਪਹਿਨ ਕੇ ਮੈਂ ਐਕਸ਼ਨ ਸੀਕਵੈਂਸ ਵੀ ਕੀਤੇ ਹਨ। ਫਿਲਮ ਵਿੱਚ ਵਿਧੁਤ ਜਮਵਾਲ ਵੀ ਹਨ। ਉਨ੍ਹਾਂ ਨੇ ਮੈਨੂੰ ਕੁਝ ਚੀਜ਼ਾਂ ਸਿਖਾਈਆਂ ਹਨ। ਜਦ ਮੇਰੇ ਐਕਸ਼ਨ ਸੀਕਵੈਂਸ ਹੁੰਦੇ ਸਨ, ਉਹ ਸੈੱਟ 'ਤੇ ਆਉਂਦੇ ਸਨ। ਫਿਲਮ ਐਕਸ਼ਨ ਡਾਇਰੈਕਟਰ ਐਂਡੀ ਲਾਂਗ ਹਨ, ਜਿਨ੍ਹਾਂ ਨੇ ਜੈਕੀ ਚੈਨ ਨਾਲ ਕੰਮ ਕੀਤਾ ਹੈ। ਉਨ੍ਹਾਂ ਨੇ ਨਾ ਸਿਰਫ ਮੈਨੂੰ ਸਟੰਟ ਦੀ ਟਰੇਨਿੰਗ ਦਿੱਤੀ, ਬਲਕਿ ਸੀਨ ਦੀ ਕੋਰੀਓਗਰਾਫੀ ਵੀ ਕੀਤੀ। ਉਨ੍ਹਾਂ ਦੱਸਿਆ ਕਿ ਡਿੱਗਣ 'ਤੇ ਮੇਰੀ ਪ੍ਰਤੀਕਿਰਿਆ ਕਿੱਦਾਂ ਦੀ ਹੋਣੀ ਚਾਹੀਦੀ ਹੈ। ਫਿਲਮ ਦੇ ਡਾਇਰੈਕਟਰ ਫਾਰੂਕ ਕਬੀਰ ਦੀ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਮੇਰੇ ਵਿੱਚ ਐਕਸ਼ਨ ਹੀਰੋਇਨ ਦੇਖੀ। ਫਿਲਮ 'ਖੁਦਾ ਹਾਫਿਜ' ਦੀ ਸ਼ੂਟਿੰਗ ਉਜਬੇਕਿਸਤਾਨ ਵਿੱਚ ਹੋਈ ਹੈ।



## 'ਕਸਕ' ਨਾਲ ਕਮਬੈਕ ਕਰੇਗੀ ਮਿਨਿਸ਼ਾ ਲਾਂਬਾ

'ਹਨੀਮੂਨ ਟ੍ਰੈਵਲਸ', 'ਕਿਡਨੈਪ' ਅਤੇ 'ਬਚਨਾ ਐ ਹਸੀਨੋ' ਵਰਗੀਆਂ ਫਿਲਮਾਂ ਵਿੱਚ ਨਜ਼ਰ ਆਈ ਅਭਿਨੇਤਰੀ ਮਿਨਿਸ਼ਾ ਲਾਂਬਾ ਅੱਗੋਂ ਵੈੱਬ ਸੀਰੀਜ਼ 'ਕਸਕ' ਦੇ ਜ਼ਰੀਏ ਡਿਜੀਟਲ ਡੈਬਿਊ ਕਰੇਗੀ। ਇਹ ਪੰਜ ਜੂਨ ਨੂੰ ਉਲੂ ਐਪ 'ਤੇ ਰਿਲੀਜ਼ ਹੋਵੇਗੀ। ਅਜੇ ਇਸ ਦਾ ਟ੍ਰੇਲਰ ਰਿਲੀਜ਼ ਹੋ ਚੁੱਕਾ ਹੈ। ਸੀਰੀਜ਼ ਦੀ ਕਹਾਣੀ ਰੇਪ ਵਿਕਟਮ ਦੇ ਦੁਆਲੇ ਘੁੰਮਦੀ ਹੈ। ਸ਼ੋਅ ਵਿੱਚ ਮਿਨਿਸ਼ਾ ਲਾਂਬਾ ਦੇ ਨਾਲ ਵਿਨੀਤ ਰੈਨਾ ਵੀ ਹੋਣਗੇ। ਇਸ ਦਾ ਨਿਰਮਾਣ ਵਿਭੂ ਅਗਰਵਾਲ ਨੇ ਕੀਤਾ ਹੈ।

## ਲੋਕ ਮੈਨੂੰ 'ਸਨੀ ਸਨੀ' ਗਰਲ ਕਹਿੰਦੇ ਹਨ : ਐਵਲਿਨ



ਅਭਿਨੇਤਰੀ ਐਵਲਿਨ ਸ਼ਰਮਾ ਨੂੰ ਲੱਗਦਾ ਹੈ ਕਿ ਲੋਕ ਅੱਜ ਵੀ ਉਸ ਨੂੰ 2014 ਦੀ ਫਿਲਮ 'ਯਾਰੀਆਂ' ਦੀ 'ਸਨੀ ਸਨੀ' ਗਰਲ ਦੇ ਰੂਪ ਵਿੱਚ ਚੰਗੀ ਤਰ੍ਹਾਂ ਜਾਣਦੇ ਹਨ। ਨਾਲ ਹੀ ਉਸ ਨੇ ਕਿਹਾ ਕਿ ਕਰੀਅਰ ਦੇ ਮੀਲ ਪੱਥਰ ਦਾ ਜਸ਼ਨ ਮਨਾਉਣਾ ਮਹੱਤਵ ਪੂਰਨ ਹੈ। ਉਸ ਨੇ ਯਾਦ ਕੀਤਾ, ''ਬਾਲੀਵੁੱਡ ਵਿੱਚ ਮੇਰੀ ਪਹਿਲੀ ਫਿਲਮ 'ਫਰਾਮ ਸਿਡਨੀ ਵਿਦ ਲਵ' ਸੀ। ਕਿੰਨੀ ਮਜ਼ੇਦਾਰ ਗੱਲ ਹੈ ਕਿ ਅੱਜ ਮੈਂ ਪਿਆਰ ਵਿੱਚ ਹਾਂ ਅਤੇ ਸਿਡਨੀ ਦੇ ਇੱਕ ਲੜਕੇ ਨਾਲ ਮੰਗਣੀ ਕਰ ਰਹੀ ਹਾਂ। ਮੈਨੂੰ ਸਫਲਤਾ ਅਯਾਨ ਮੁਖਰਜੀ ਦੀ ਫਿਲਮ 'ਯੇ ਜਵਾਨੀ ਹੈ ਦੀਵਾਨੀ' ਵਿੱਚ ਰਣਬੀਰ ਕਪੂਰ ਦੇ ਆਪੋਜ਼ਿਟ ਕੰਮ ਕਰ ਕੇ ਮਿਲੀ ਸੀ, ਜਿਸ ਨੂੰ ਕਰਣ ਜੌਹਰ ਨੇ ਬਣਾਇਆ ਸੀ।''

ਉਸ ਨੇ ਅੱਗੇ ਕਿਹਾ, ''ਵਰੁਣ ਧਵਨ ਦੀ 'ਮੈਂ ਤੇਰਾ ਹੀਰੋ' ਜਾਂ ਇਮਤਿਆਜ਼ ਅਲੀ ਦੀ 'ਜਬ ਹੈਰੀ ਮੇਟ ਸੇਜਲ' ਵਿੱਚ ਸ਼ਾਹਰੁਖ ਖਾਨ, ਅਨੁਸ਼ਕਾ ਸ਼ਰਮਾ ਵਰਗੀ ਵੱਡੀ ਮਲਟੀ ਕਾਸਟ ਫਿਲਮਾਂ ਦਾ ਹਿੱਸਾ ਬਣਨਾ ਬਹੁਤ ਵਧੀਆ ਰਿਹਾ।'' ਉਹ ਕਹਿੰਦੀ ਹੈ ਕਿ ਲੋਕ ਉਸ ਨੂੰ 'ਸਨੀ ਸਨੀ' ਗਾਣਾ ਹਮੇਸ਼ਾ ਪਸੰਦ ਰਹੇਗਾ। ਉਸ ਨੇ ਕਿਹਾ, ''ਮੈਨੂੰ ਲੱਗਦਾ ਹੈ ਕਿ ਲੋਕ ਅਜੇ ਵੀ ਮੈਨੂੰ ਫਿਲਮ 'ਯਾਰੀਆਂ' ਦੀ 'ਸਨੀ ਸਨੀ' ਗਰਲ ਦੇ ਰੂਪ ਵਿੱਚ ਸਭ ਤੋਂ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਮੈਂ ਇਸ ਗੱਲ ਦੇ ਲਈ ਉਸ ਗੀਤ ਨੂੰ ਹਮੇਸ਼ਾ ਪਸੰਦ ਕਰਾਂਗੀ।'' ਅੱਜ ਤੱਕ ਐਵਲਿਨ ਨੇ 15 ਫਿਲਮਾਂ ਵਿੱਚ ਕੰਮ ਕੀਤਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1 Security Services
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 off with this flyer
Services: • Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Each Office Independently Owned & Operated
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here (905)793-2202
To Reach Wider Audience

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706


ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
Satisfaction 100% Guarantee
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage
Off: 905-456-3232

Other Realtors only Promise
But JAG AUJLA SOLD YOUR HOME WITH

Top 1% Broker
Call For a Quick & Free Home Evaluation
www.BramptonQuickHomeEvaluation.com

Urgently Need New Listing In Brampton/ GTA Call Jag Today To Sell Your Property For Top $$$ & Accurate Price

BRAMPTON
ਹਰੰਟਾਰੀਓ (ਹਾਈਵੇ 10) / ਮੇਅਫੀਲਡ
ਬਹੁਤ ਹੀ ਸੋਹਣਾ ਅਤੇ ਸ਼ਾਨਦਾਰ ਡੀਟੈਚਡ ਘਰ ਜਿਸ ਵਿੱਚ 4 ਬੈਡਰੂਮ ਅਤੇ 5 ਵਾਸ਼ਰੂਮ ਹਨ ਅਤੇ 2 ਕਾਰ ਗਰਾਜ ਹਨ। ਫਿਨੀਸ਼ਡ ਬੇਸਮੈਂਟ ਹੈ ਅੰਤੇ ਇਨਗਰਾਉਂਡ ਸਵਿਮਿੰਗ ਪੂਲ ਵੀ ਹੈ। ਸਾਰੇ ਘਰ ਵਿੱਚ ਹਾਰਡਵੁਡ ਫਲੋਰ ਹੈ ਅਤੇ ਕਿੱਤੇ ਵੀ ਕਾਰਪਟ ਨਹੀਂ ਹੈ। ਹਾਈ ਐਂਡ ਕਿਚਨ ਕੈਬਨੇਟ ਅਤੇ ਗਰੇਨਾਈਟ ਕਾਊਂਟਰ ਟਾਪ। ਮੇਨ ਫਲੋਰ ਲਾਂਡਰੀ ਹੈ। ਪੋਟ ਲਾਈਟਾਂ ਵੀ ਲਗੀਆਂ ਹਨ।

MISSISSAUGA
ਗਲੇਨ ਏਰੀਨ / ਡਨਵੀਨ ਡਰਾਈਵ
ਬਹੁਤ ਹੀ ਸ਼ਾਨਦਾਰ ਮੋਡਲ ਬੰਗਲੋਫ ਜਿਸ ਵਿੱਚ 3+1 ਬੈਡਰੂਮ ਅਤੇ ਫਿਨੀਸ਼ਡ ਵਾਕ ਆਉਟ ਬੇਸਮੈਂਟ ਹੈ ਜੋ ਕਿ ਵੱਡੇ ਬੈਕ ਯਾਰਡ ਨੂੰ ਜਾਂਦਾ ਹੈ ਜਿਸ ਵਿੱਚ ਵੁਡਨ ਡੇਕ ਅਤੇ ਸ਼ੇਡ ਹੈ। ਸਾਰਾ ਘਰ ਰੇਨੋਂਵੇਟ ਅਤੇ ਸਾਰੇ ਘਰ ਵਿੱਚ ਹਾਰਡਵੁਡ ਅਤੇ ਲੈਮੀਨੇਟ ਫਲੋਰ ਹੈ, ਮਾਸਟਰ ਬੈਡਰੂਮ ਸੇਮੀ ਈਨਸੂਟ ਹੈ, ਅਪਗ੍ਰੇਡੇਡ ਕਿਚਨ ਅਪਲਾਈਨਸੇਸ।

BRAMPTON
ਫਾਦਰ ਟੋਬੀਨ / ਬਰੈਮਲੀਅ ਰੋਡ
ਰੇਵੀਨ ਨੂੰ ਘਰ ਦਾ ਫਰੰਟ। ਬਹੁਤ ਹੀ ਸ਼ਾਨਦਾਰ 4+1 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ। ਪ੍ਰੋਫੈਸ਼ਨਲੀ ਫਿਨੀਸ਼ਡ ਬੇਸਮੈਂਟ। ਡਬਲ ਡੋਰ ਐਂਟਰੀ, ਮੇਨ ਫਲੋਰ 9 ਫੁੱਟ ਸਿਲਿੰਗ, ਸਟੇਨਡ ਹਾਰਡਵੁਡ ਫਲੋਰ ਅਤੇ ਸਟੇਨਡ ਓਕ ਸਟੇਅਰਕੇਸ, ਮਾਸਟਰ ਬੈਡਰੂਮ 5 ਪੀਸ ਈਨਸੂਟ, ਹਾਈਲੀ ਅਪਗ੍ਰੇਡੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ ਅਤੇ ਸੈਂਟਰ ਆਈਲੈਂਡ।

BRAMPTON
ਬ੍ਰਿਸਡੇਲ / ਕ੍ਰੇਡੀਟਵਿਉ
SOLD $33000
OVER ASKING PRICE
IN 2 DAYS

BRAMPTON
ਮੇਵੀਸ / ਸਟੀਲ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ, ਸਾਰੇ ਘਰ ਵਿੱਚ ਨਵਾਂ ਪੇਂਟ ਕੀਤਾ ਹੈ। ਬੇਸਮੈਂਟ ਬਣਨ ਵਾਲੀ ਹੈ। ਮੇਨ ਫਲੋਰ 9 ਫੁੱਟ ਸਿਲਿੰਗ। ਸਾਰੇ ਘਰ ਵਿੱਚ ਹਾਰਡਵੁਡ ਅਤੇ ਲੈਮੀਨੇਟ ਫਲੋਰ। ਮਾਸਟਰ ਬੈਡਰੂਮ 5 ਪੀਸ ਈਨਸੂਟ ਅਤੇ ਵਾਕ ਈਨ ਕਲੋਜ਼ਟ, ਨਵੀਂਆਂ ਅਪਲਾਈਨਸੇਸ। ਬਹੁਤ ਜਲਦੀ ਵਿਕਣ ਵਾਲਾ ਘਰ ਹੈ।

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Carte WEALTH MANAGEMENT INC.
KANG TAX & FINANCIAL SERVICES
Personal and Corporate Tax Filings**
RDSP, RESP, RRSP, TFSA Plans*
Life, Critical, Disability, Visitor Insurance***
FREE Tax Filing For New Immigrants
416-271-4877
e-mail:sukhwinder.kang@cartewm.com
Sukhwinder Kang
(M.Sc. CFP)
Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE

OURR HOME & APPLIANCES
UPTO 70% OFF WAREHOUSE SALE
416.551.3343 OPEN TO PUBLIC
www.ourrhomeappliances.com
Unbeatable Prices with Excellent Customer Service
SERVING ONTARIO FROM
TORONTO
44 FASKEN DR, # 2 - 9
ETOBICOKE, ON M9W 5M8
(416)-792-0877, (416)-551-3343
STONEY CREEK
#6 – 410 LEWIS ROAD
STONEY CREEK, ON L8E 5Y7
(905) 643-0818
LONDON
#4 -1540 FANSHAWE PARK RD. W,
LONDON, ON N6H 5L8
(519)-641-1010
BRAMPTON
1-241 CLARENCE ST.,
BRAMPTON, ON L6W 3E7
(416)-551-3343
AUTHORISED DEALER OF ALL NAME BRANDS
JENN-AIR Whirlpool MAYTAG Electrolux SAMSUNG LG KitchenAid FRIGIDAIRE
BRAND NEW & OPEN BOX APPLIANCES

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
○ 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
○ ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystems.com
Call: 416-452-0677

Do you have the BEST type of Mortgage Insurance?

| | Mortgage Insurance from THE BANK | Life Insurance from an Insurance Company |
|---|---|---|
| Beneficiary | The Bank | Your Family ✓ |
| Payout | Decreasing | Fixed ✓ |
| Portable | NO | YES ✓ |
| Underwriting | Post - Claim Underwriting | Time of Application ✓ |

Know the Difference
Be Informed.

ALL INSURABLE

| | | |
|---|---|---|
| Alcoholism | Cancer | Chronic Kidney Disease |
| COPD | Declined Life Insurance | Diabetes |
| Drug Addiction | DUI | Epilepsy |
| Hazardous Sports | Heart Attack | Hepatitis A,B,C |
| Mental Illness | Multiple Sclerosis | Parkinson's Disease |
| Stroke | TIA | Valid Work Permit |

Life Insurance Coverage up to $500,000
No Medical Test Needed
Pedro Nazare - pnazare51@hotmail.com - (647) 282-1364
Devinder Pal Singh - devgta@gmail.com - (647) 785-1575